# ਵਰਿਆਮ

ਮਾਰਚ ੧੯੯੯

## ਗ਼ਜ਼ਲ

—ਕੰਵਰ ਸੁਖਦੇਵ—

ਪੁਸਤਕ ਵਰਗੀਏ ਕੁੜੀਏ ਲਭ ਲਈਂ ਬਸ ਏਨੀ ਕੁ ਥਾਂ
ਆਪਣੀ ਉਮਰ ਦੇ ਕਿਸੇ ਸਫ਼ੇ ਤੇ ਲਿਖ ਲਈਂ ਮੇਰਾ ਨਾਂ

ਡੰਡੀਆਂ ਖਾ ਗਈਆਂ ਰਾਹੀਆਂ ਨੂੰ ਨਾ ਪੈੜਾਂ ਨਾ ਝੇਰੇ
ਪੱਤਿਆਂ ਨੇ ਹੀ ਲੁੱਟ ਪੁਟ ਲੀਤੀ ਰੁਖੜਿਆਂ ਦੀ ਛਾਂ

ਨਾਤੇ ਏਦਾਂ ਟੁੱਟੇ ਪੈ ਗਿਆ ਘਰ ਉਲੂਆਂ ਦੀ ਜੂਨੇ
ਮੁੱਦਤ ਹੋ ਗਈ ਸਾਡੇ ਕੋਠੇ ਬੋਲਿਆ ਨਹੀਉਂ ਕਾਂ

ਕੁਲ ਸਭਾ ਦੁਰਯੋਧਨ ਹੋ ਗਈ ਕੋਈ ਸ਼ਿਆਮ ਨਾ ਬਣਿਆ
ਸਭ ਨੇ ਵਸਤਰ-ਹੀਣੀ ਕੀਤੀ ਆਪਣੀ ਭਾਰਤ ਮਾਂ

ਘਰ ਘਰ ਦੇ ਵਿਚ ਚਰਚਾ ਏਹੋ ਸੁਰਖ਼ੀ ਵਿਚ ਅਖਬਾਰਾਂ
ਇਕ ਬੰਦੇ ਨੇ ਇਕ ਹੱਥ ਦੇ ਨਾਲ ਵਢ ਲਈ ਦੂਜੀ ਬਾਂਹ

ਪਾਣੀ ਸ਼ੀਸ਼ਿਆਂ ਦੇ ਕੀ ਬਦਲੇ ਤਿੜਕ ਗਏ ਸਭ ਚੇਹਰੇ
ਭਰੇ ਸ਼ਹਿਰ ਵਿਚ ਵਾਸਾ ਕਰਦੀ ਜੰਗਲ ਦੀ ਸ਼ਾਂ ਸ਼ਾਂ

ਅਨ੍ਹੀ ਕਾਲੀ ਪੌਣ ਵਗੀ ਸੀ ਕੇਹੇ ਸਨ ਦਿਨ ਰਾਤਾਂ
ਬਿਨ ਬਾਲਣ ਦੇ ਦੇਹਾਂ ਬਲੀਆਂ ਸਿਵੇ ਬਣੀ ਹਰ ਥਾਂ

ਮੈਂ ਆਪਣੇ ਹੀ ਦੇਸ਼ 'ਚ ਏਦਾਂ ਹੋਇਆ ਹਾਂ ਬੇ-ਵਤਨਾ
ਨਾ ਕੋਈ ਮੇਰਾ ਥਲ ਨਾ ਜੰਗਲ ਨਾ ਕੋਈ ਸ਼ਹਿਰ ਗਰਾਂ

---

(ਛੱਪ ਰਹੀ ਪੁਸਤਕ 'ਰੁਤਾਂ ਰੱਤ ਰੰਗੀਆਂ' ਵਿਚੋਂ)

Sri Satguru Jagjit Singh Ji eLibrary NamdhariElibrary@gmail.com

https://archive.org/details/namdhari

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

'ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ
ਬਿਆਨ

੧. ਪ੍ਰਕਾਸ਼ਨ ਸਥਾਨ — ਜਲੰਧਰ
੨. ਪ੍ਰਕਾਸ਼ਨ ਕਾਲ — ਮਾਸਕ
੩. ਛਾਪਕ ਦਾ ਨਾਮ — ਜਗਦੀਸ਼ ਸਿੰਘ
ਨਾਗਰਿਕਤਾ — ਭਾਰਤੀ
੪. ਪ੍ਰਕਾਸ਼ਕ ਦਾ ਨਾਮ — ਜਗਦੀਸ਼ ਸਿੰਘ
ਨਾਗਰਿਕਤਾ — ਭਾਰਤੀ
੫. ਸੰਪਾਦਕ ਦਾ ਨਾਮ — ਜਗਦੀਸ਼ ਸਿੰਘ
ਨਾਗਰਿਕਤਾ — ਭਾਰਤੀ
੬. ਇਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿਸੇਦਾਰ ਹੋਣ। — ਜਗਦੀਸ਼ ਸਿੰਘ

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵਧ ਤੋਂ ਵਧ ਜਾਣਕਾਰੀ ਅਤੇ ਵਿਸ਼ਵਾਸ਼ ਦੇ ਅਨੁਸਾਰ ਉਪਰ ਦਿਤੇ ਗਏ ਵੇਰਵੇ ਸੱਚ ਹਨ।

(ਸਹੀ) ਜਗਦੀਸ਼ ਸਿੰਘ

ਮਿਤੀ ੨੮-੨-੯੯
ਪਤਾ ਲਾਡੋਵਾਲੀ ਰੋਡ, ਜਲੰਧਰ।

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 77356 PP
71204 PP

## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |

ਸੰਪਾਦਕੀ

# ਪੰਥਕ ਏਕਤਾ

ਪੰਥਕ ਏਕਤਾ ਦੀਆਂ ਗਲਾਂ ਦਾ ਬਹੁਤ ਚਰਚਾ ਹੈ। ਸਮਝਿਆ ਇਹ ਜਾ ਰਿਹਾ ਹੈ ਕਿ ਇਹ 'ਪੰਥਕ' ਏਕਤਾ ਸਭ ਦੁਖਾਂ ਦਾ ਦਾਰੂ ਹੈ। ਪੰਥਕ ਏਕਤਾ ਦਾ ਹੁਣ ਸਿਧਾ ਮਤਲਬ ਹੈ ਅਕਾਲੀ ਪਾਰਟੀਆਂ ਦੇ ਧੜਿਆਂ ਦਾ ਇਕ ਪਾਰਟੀ ਇਕ ਪਰਧਾਨ ਤਹਿਤ ਹੋਣਾ। ਕਦੀ ਜ਼ਮਾਨਾ ਸੀ ਪੰਥਕ ਏਕਤਾ ਦਾ ਮਤਲਬ ਹੁੰਦਾ ਸੀ ਸਿਖਾਂ ਦੀਆਂ ਸਾਰੀਆਂ ਸੰਪਰਦਾਵਾਂ ਨਿਹੰਗ ਨਿਰਮਲੇ ਨਾਮਧਾਰੀ ਉਦਾਸੀ ਨਿਰੰਕਾਰੀ ਅਕਾਲੀ ਆਦਿ ਦਾ ਸਾਂਝੇ ਮਿਲ ਬੈਠਣਾ। ਏਸ ਗਲ ਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਪਰਾਲੇ ਵੀ ਕੀਤੇ ਅਤੇ ਸ੍ਰੀ ਭੈਣੀ ਸਾਹਿਬ ਵਿਚ ੧੩-੧੪ ਅਕਤੂਬਰ ੧੯੩੪ ਨੂੰ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਕੀਤੀ।

ਪਰ ਅਜ ਸਭ ਕੁਝ ਬਦਲ ਗਿਆ ਹੈ ਸੰਪ੍ਰਦਾਵਾਂ ਦਾ ਰੋਲ ਤਾਂ ਹੌਲੀ ਹੌਲੀ ਸਮਾਪਤ ਕਰਨ ਦਾ ਜਤਨ ਤਾਂ ਹੋ ਹੀ ਰਿਹਾ ਹੈ ਤੇ ਅਕਾਲੀ ਪਾਰਟੀ ਦੀ ਏਕਤਾ ਦਾ ਰਾਗ ਉਦੋਂ ਜ਼ਿਆਦਾ ਅਲਾਪਿਆ ਜਾਂਦਾ ਹੈ ਜਦੋਂ ਚੋਣਾਂ ਆਉਣ ਦੀ ਸੰਭਾਵਨਾ ਹੁੰਦੀ ਹੈ।

ਜੇ 'ਪੰਥ' ਨੂੰ ਸਹੀ ਅਰਥਾਂ ਵਿਚ 'ਮਾਰਗ' ਸਮਝਿਆ ਜਾਵੇ ਉਹ ਰਸਤਾ ਜੋ ਸਾਡੇ ਗੁਰੂ ਸਾਹਿਬਾਨ ਨੇ ਉਲੀਕਿਆ ਹੈ ਤਾਂ ਫਿਰ ਸਾਡੇ ਮਨਾਂ ਵਿਚੋਂ ਹਉਮੈ ਨੂੰ ਮਨਫੀ ਕਰਨਾ ਪਵੇਗਾ। ਇਸ ਦੀਰਘ ਰੋਗ ਦੇ ਖਾਤਮੇ ਨਾਲ ਅਸੀ ਸੱਚੇ ਮਾਰਗ ਤੇ ਵੀ ਚਲ ਸਕਾਂਗੇ ਇਕੋ ਸੇਧ ਹੋਣ ਤੇ ਕਹਿਣ ਦੀ ਲੋੜ ਹੀ ਨਹੀਂ ਪਵੇਗੀ ਕਿ ਇਹ ਏਕਤਾ ਹੈ।

ਧੜੇਬੰਦੀਆਂ ਬਹੁਤ ਮਜ਼ਬੂਤ ਕਿਲ੍ਹਿਆ ਵਾਂਗ ਉਸਾਰੀਆਂ ਹੋਈਆਂ ਹਨ। ਜੇ ਧੜੇਬੰਦੀ ਨੂੰ ਛਡਨਾ ਮੁਸ਼ਕਲ ਹੈ ਤਾਂ ਧੜੇਬੰਦੀ ਉਹੋ ਜਿਹੀ ਕੀਤੀ ਜਾਵੇ ਜਿਹੋ ਜਿਹੀ ਗੁਰੂ ਜੀ ਨੇ ਦਸੀ ਹੈ।

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥
ਕਿਸ ਹੀ ਧੜਾ ਕੀਆ
ਸਿਕਦਾਰ ਚਉਧਰੀ ਨਾਲਿ ਆਪਣੇ ਸੁਆਈ ॥
ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਟੇਕ ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥
... ... ...

(ਆਸਾ ਮਹਲਾ ੪)

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸਾਥੀ ਜੀ ਸਨਮਾਨਿਤ

ਫਤਹਿਗੜ ਸਾਹਿਬ—ਇਥੇ ਇਤਿਹਾਸਕ ਜੋੜ ਮੇਲੇ ਦੇ ਅਵਸਰ ਤੇ ਇਕ ਵਿਸ਼ਾਲ ਦੀਵਾਨ ਵਿੱਚ ਬਾਬਾ ਸੰਗਤ ਸਿੰਘ ਖਾਲਸਾ ਦਲ ਪੰਜਾਬ ਅਤੇ ਪ੍ਰਤੀਨਿਧ ਖਾਲਸਾ ਦੀਵਾਨ ਪੰਜਾਬ ਵਲੋਂ ਸ. ਨਿਰੰਜਨ ਸਿੰਘ ਸਾਥੀ ਨੂੰ ਚਮਕੌਰ ਦੇ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਬਾਰੇ ਇਤਿਹਾਸਕ ਖੋਜ ਕਰਨ ਉਤੇ ਸਰੋਪਾ ਅਤੇ ਇਕ ਸ੍ਰੀ ਸਾਹਿਬ ਭੇਟ ਕਰ ਕੇ ਸਮਾਨਿਤ ਕੀਤਾ ਗਿਆ। ਬਾਬਾ ਸੰਗਤ ਸਿੰਘ ਜੀ ਬਾਰੇ ਇਤਿਹਾਸਕ ਖੋਜ, ਬਾਬਾ ਸੰਗਤ ਸਿੰਘ ਖਾਲਸਾ ਦਲ ਪੰਜਾਬ ਲੁਧਿਆਣਾ ਵਲੋਂ ਛੇਤੀ ਹੀ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।


**RAINU**

**Engineering Works Regd.**

Prop. : S. Mohinder Singh

Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks

Repair of Honda Generators and Diesel Generators

VINAIK BAZAR, JAMMU.

Phone No. 46894

With best compliments from :

**MEX SWITCHGEAR PVT. LTD.**

Tanda Road, JALANDHAR.

Phone : 72116

ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਟੇਸ਼ਨਰੀ ਖਿੱਚ ਭਰਪੂਰ ਹੋਵੇ,

ਤੁਹਾਡੇ ਲੈਟਰ ਪੈਡ, ਬਿਲ ਬੁੱਕ, ਰਸੀਦਾਂ, ਵਿਜ਼ਟਿੰਗ ਕਾਰਡ, ਰੇਟ ਲਿਸਟਾਂ, ਫਾਰਮ, ਸ਼ਾਦੀ ਦੇ ਕਾਰਡ ਪੁਸਤਕਾਂ ਰਸਾਲਿਆਂ ਦੇ ਟਾਈਟਲ ਆਦਿਕ ਸੁੰਦਰ ਛੱਪੇ ਹੋਏ ਹੋਣ।

ਆਰਟ ਕਾਗਜ਼ ਉਤੇ ਰੰਗੀਨ ਬਲਾਕਾਂ ਅਤੇ ਟਾਈਪ ਦੀ ਛਪਾਈ ਬਾ ਰੁਅਬ ਹੋਵੇ।

ਤਾਂ ਸੰਪਰਕ ਕਰਨ ਵਿਚ ਦੇਰ ਨਾ ਲਾਵੋ।

**ਨਾਮਧਾਰੀ ਪ੍ਰਿੰਟਰਜ਼ (ਵਰਿਆਮ ਪਰੈਸ)**

ਲਾਡੋਵਾਲੀ ਰੋਡ, ਸਾਹਮਣੇ ਐਕਸ ਸਰਵਿਸਮੈਨ ਟਰਾਂਸਪੋਰਟ, ਜਲੰਧਰ।





Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਜੇ ਗੋਰਬਾਚੇਵ ਨਾ ਰਿਹਾ

—ਸਤਨਾਮ ਚਾਨਾ

ਸੋਵੀਅਤ ਯੂਨੀਅਨ ਦੇ ਉਘੇ ਵਿਗਿਆਨੀ ਸਾਖਾਰੋਵ ਅਤੇ ਉਸ ਦੀ ਪਤਨੀ ਨੇ ਬੀਤੇ ਦਿਨ ਪੈਰਿਸ ਵਿਚ ਕਿਹਾ ਹੈ ਕਿ ਗੋਰਬਾਚੇਵ ਨਹੀਂ ਰਹੇਗਾ। ਵਿਗਿਆਨੀ ਜਿਸ ਨੇ ਲੰਬੀ ਮੁਦਤ ਬਣਵਾਸ ਵਰਗਾ ਜੀਵਨ ਭੋਗਿਆ ਹੈ ਦਾ ਵਿਚਾਰ ਹੈ ਕਿ ਗੋਰਬਾਚੇਵ ਨੂੰ ਜਾਂ ਤਾਂ ਹਟਾ ਦਿਤਾ ਜਾਵੇਗਾ ਜਾਂ ਫੇਰ ਪਰਿਸਤਰੋਏਕਾ ਦੇ ਵਿਰੋਧੀ ਉਸਨੂੰ ਆਪਣੇ ਹੇਠਾਂ ਲਾ ਕੇ ਚਲਾਉਣਗੇ।

ਕੋਈ ਵੀ ਵਿਅਕਤੀ ਇਹ ਸ਼ੰਕਾ ਪ੍ਰਗਟ ਕਰ ਸਕਦਾ ਹੈ। ਸੋਵੀਅਤ ਯੂਨੀਅਨ ਵਿਚ ਗੋਰਬਾਚੇਵ ਦਾ ਰਾਜ ਵਿਚ ਆਉਣਾ ਇਕ ਪੁਰਅਮਨ ਰਾਜਪਲਟਾ ਹੈ ਜਿਸ ਨੇ ਸੋਵੀਅਤ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਦਾ ਦੌਰ ਅਰੰਭਿਆ ਹੈ ਅਤੇ ਸੰਸਾਰ ਅਮਲ ਉਤੇ ਇਸ ਦੇ ਦੂਰ ਰਸ ਪ੍ਰਭਾਵ ਪੈ ਰਹੇ ਹਨ। ਵਲਾਦੀਮੀਰ ਇਲੀਅਚ ਲੈਨਿਨ ਦੇ ੧੯੧੭ ਵਾਲੇ ਇਨਕਲਾਬ ਨੇ ਮਨੁਖ ਦੇ ਇਤਿਹਾਸ ਵਿਚ ਨਵਾਂ ਮੋੜ ਲਿਆਂਦਾ ਸੀ ਅਤੇ ਸੰਸਾਰ ਨੂੰ ਨਵੀਂ ਸੇਧ ਪ੍ਰਦਾਨ ਕੀਤੀ ਸੀ। ਉਸ ਉਪਰੰਤ ਗੋਰਬਾਚੇਵ ਦੇ "ਗਲਾਸਨੋਸਤ" ਅਤੇ "ਪਰਿਸਤਰੋਏਕਾ" ਨੇ ਕ੍ਰਾਂਤੀ ਸ਼ੁਰੂ ਕੀਤੀ ਹੈ।

ਇਸ ਦੇ ਵਿਚਕਾਰ ਸਤਾਲਿਨ ਅਤੇ ਬਰੈਜ਼ਨੇਵ ਦੇ ਲੰਬੇ ਦੌਰ ਬਿਨਾਂ ਕਿਸੇ ਸਪੱਸ਼ਟ ਸੰਕਲਪ ਤੋਂ ਘਟਨਾਵਾਂ ਦੇ ਧੱਕੇ ਨਾਲ ਹੀ ਚਲੇ ਹਨ। ਬਰੇਜ਼ਨੇਵ ਦੌਰ ਨੇ ਸੋਵੀਅਤ ਯੂਨੀਅਨ ਨੂੰ ਜਿਸ ਅਨ੍ਹੀ ਗਲੀ ਵਿਚ ਫਸਾ ਦਿਤਾ ਸੀ ਉਥੋਂ ਕੇਵਲ ਦੋ ਹੀ ਰਾਹ ਸੰਭਵ ਸਨ। ਜਾਂ ਤਾਂ ਗੋਰਬਾਚੇਵ ਦਾ "ਮੁੜਸਿਰਜਣਾ" ਤੇ ਹਕੀਕੀ ਸੰਸਾਰ ਅਮਨ ਦਾ ਰਾਹ ਜਾਂ ਫੇਰ ਪੋਲਪੋਟ ਵਰਗੀ ਬਰਬਰੀਅਤ ਜੋ ਸੰਸਾਰ ਨੂੰ ਤੀਜੀ ਜੰਗ ਵਿਚ ਧਕੇਲ ਸਕਦੀ ਸੀ।

ਸੰਸਾਰ ਅਮਨ ਲਹਿਰ ਦੀਆਂ ਬਿਨਾਂ ਸ਼ੱਕ ਕੁਝ ਪ੍ਰਾਪਤੀਆਂ ਹਨ। ਆਮ ਕਰਕੇ ਇਹ ਪ੍ਰਾਪਤੀਆਂ ਕੌਮਾਂਤਰੀ ਕਾਨਫਰੰਸਾਂ ਦੀਆਂ ਦਸਤਾਵੇਜ਼ਾਂ ਅਤੇ ਮਤਿਆਂ ਤਕ ਹੀ ਸੀਮਤ ਹਨ। ਅਮਲ ਵਿਚ ਹਥਿਆਰਾਂ ਦੇ ਭੰਡਾਰਾਂ ਵਿਚ ਵਾਧਾ ਹੋਇਆ ਹੈ ਅਤੇ ਇਹਨਾਂ ਦੀਆਂ ਨਸਲਾਂ ਵਧੇਰੇ ਖਤਰਨਾਕ ਰੂਪ ਵਿਚ ਸੁਧਰੀਆਂ ਹਨ। ਕਿਸੇ ਵੀ ਪਧਰ ਦੀਆਂ ਅਮਨ ਕੋਸ਼ਿਸ਼ਾਂ ਨੇ ਹਥਿਆਰਾਂ ਦੀ ਦੌੜ ਵਿਚ ਵਿਘਨ ਨਹੀਂ ਸੀ ਪਾਇਆ। ਦੂਜੇ ਪਾਸੇ ਸੰਸਾਰ ਵਿਚ ਖਿਚਾਅ ਪੈਦਾ ਹੋਣ ਦੇ ਮੌਕੇ ਵੀ ਵਧੇ, ਇਸ ਦੇ ਬਾਵਜੂਦ ਕਿ ਸਾਮਰਾਜੀ ਤਾਕਤਾਂ ਨੂੰ ਪੈਰੋਪੈਰ ਪਿਛੇ ਹਟਣਾ ਪਿਆ। ਪ੍ਰੰਤੂ ਸਾਮਰਾਜ ਦੀ ਇਸ ਪਿਛਲਖੁਰੀ ਤੋਂ ਇਕ ਸਮਾਜੀ ਪ੍ਰਬੰਧ ਦੀ ਦੂਜੇ ਸਮਾਜੀ ਪ੍ਰਬੰਧ ਉਤੇ ਸਮੁਚੀ ਜਿਤ ਦਾ ਸੰਕਲਪ ਕਰਨਾ ਪਦਾਰਥਕ ਨਹੀਂ ਸੀ। ਕਿਸੇ ਵੀ ਵੱਡੇ ਧਮਾਕੇ ਲਈ ਲਾਤੀਨੀ ਅਮਰੀਕਾ, ਮਧ ਪੂਰਬ, ਦੂਰ ਪੂਰਬ ਦਖਣ ਪੂਰਬੀ ਏਸ਼ੀਆ ਅਤੇ ਅਫਰੀਕਾ ਦੇ ਦਖਣੀ ਹਿਸੇ ਦੇ ਤਣਾਪੂਰਨ ਹਾਲਾਤ ਕਾਫੀ ਹਨ।

ਜਿਊਂਦੇ ਰਹਿਣ ਲਈ ਅਤੇ ਸਮਾਜੀ ਤੇ ਵਿਅਕਤੀਗਤ ਵਿਕਾਸ ਲਈ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ ਇਸ ਦਾ ਸਪੱਸ਼ਟ ਸੰਕਲਪ ਗੋਰਬਾਚੇਵ ਦੇ ਪਰੇਸਤਰੋਏਕਾ ਵਿਚੋਂ ਲਭਦਾ ਹੈ।

ਹੁਣ "ਪਰੇਸਤਰੋਏਕਾ" ਕੇਵਲ ਗੋਰਬਾਚੇਵ ਦਾ ਹੀ ਨਹੀਂ ਰਿਹਾ ਸਗੋਂ ਇਸ ਨੂੰ ਸਾਰੇ ਸੋਵੀਅਤ ਯੂਨੀਅਨ ਨੇ ਅਪਣਾ ਲਿਆ ਹੈ ਅਤੇ ਸੰਸਾਰ ਨੇ ਇਸ ਨੂੰ ਮਾਨਤਾ ਦੇ ਦਿਤੀ ਹੈ। ਇਸ ਨੇ ਇਹ ਸਾਬਤ ਕਰ ਦਿਤਾ ਹੈ ਜਿਵੇਂ ਵਲਾਦੀਮੀਰ ਲੈਨਿਨ ਦੇ ਜ਼ਮਾਨੇ ਵਿਚ ਉਸਦੇ ਵਿਅਕਤਵ ਜਿਡਾ ਹੋਰ ਕੋਈ ਵੀ ਆਗੂ ਨਹੀਂ ਸੀ ਇੰਞ ਹੀ ਅਜ ਦੇ ਦੌਰ ਵਿਚ ਮਿਖਾਇਲ ਗੋਰਬਾਚੇਵ ਦੇ ਦਿਉਕਦ ਸਾਹਮਣੇ ਬਾਕੀ ਸਭ ਛੋਟੇ ਹਨ। ਸਰਬ ਪ੍ਰਵਾਨਤ ਆਗੂ ਉਹ ਹੀ ਹੋ ਸਕਦਾ ਹੈ ਜਿਹੜਾ ਆਪਣੀ ਉਤਮਤਾ ਨੂੰ ਅਮਲ ਵਿਚ ਸਾਬਤ ਕਰ ਸਕੇ। ਗੋਰਬਾਚੇਵ ਇਹ ਕਰ ਸਕਿਆ ਹੈ। ਉਸਨੇ ਇਹ ਸਾਬਤ ਕਰ ਦਿਤਾ ਹੈ ਕਿ ਦੂਜਿਆਂ ਨੂੰ ਹਥਿਆਰਾਂ ਜਾਂ ਪ੍ਰਮਾਣੂ ਬੰਬਾਂ ਨਾਲ ਨਹੀਂ ਸਗੋਂ ਬੁੱਧੀ ਨਾਲ ਜਿਤਿਆ ਜਾ ਸਕਦਾ ਹੈ।

ਹੁਣ ਗੋਰਬਾਚੇਵ ਨੂੰ ਅਤੇ ਪਰੇਸਤਰੋਏਕਾ ਨੂੰ ਕਿਸੇ ਵੀ ਰਾਜਸੀ ਪੈਂਤੜੇ ਨਾਲ ਹਰਾਇਆ ਨਹੀਂ ਜਾ ਸਕਦਾ। ਕਿਉਂਕਿ ਇਹ ਮਸਲਾ ਹੁਣ ਕੇਵਲ ਸੋਵੀਅਤ ਕਮਿਊਨਿਸਟ ਪਾਰਟੀ ਦੇ ਅੰਦਰਲਾ ਮਸਲਾ ਨਹੀਂ ਰਹਿ ਗਿਆ ਇਸ ਕਰਕੇ ਗੋਰਬਾਚੇਵ ਨੂੰ ਵਿਰੋਧੀ ਧੜੇ ਵਲੋਂ ਹੇਠਾਂ ਲਾ ਲੈਣਾ ਵੀ ਸੰਭਵ ਨਹੀਂ ਜਾਪਦਾ। ਹੁਣ ਗੋਰਬਾਚੇਵ ਨੂੰ ਲੋਕ ਅਗੇ ਲੈ ਜਾਣਗੇ ਕਿਉਂਕਿ ਉਸ ਵਿਚ ਉਹਨਾਂ ਨੂੰ ਉਹ ਕੁਝ ਨਜ਼ਰ ਆਉਂਦਾ ਹੈ ਜੋ ਉਹ ਚਾਹੁੰਦੇ ਹਨ।

ਉਂਞ ਦੁਰਘਟਨਾਵਾਂ ਕਦੇ ਵੀ ਅਤੇ ਕਿਤੇ ਵੀ ਅਤੇ ਕਿਸੇ ਵੀ ਤਰ੍ਹਾਂ ਦੀਆਂ ਵਾਪਰ ਸਕਦੀਆਂ ਹਨ। ×


Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

# ਕਿਰਤ, ਮੌਤ ਅਤੇ ਬੀਮਾਰੀ

**(ਇਕ ਪ੍ਰਾਣਕ ਕਥਾ)**

ਮੂਲ ਲੇਖਕ—**ਲ. ਤਾਲਸਤਾਏ**
ਪੰਜਾਬੀ ਰੂਪ—**ਸੁਰਜੀਤ ਖੁਰਸ਼ੀਦੀ**

ਇਹ ਪ੍ਰਾਣਕ ਕਥਾ ਦੱਖਣੀ ਅਮਰੀਕਾ ਦੇ ਮੂਲ ਵਸਨੀਕਾਂ ਵਿਚ ਬੜੀ ਪ੍ਰਚਲਤ ਹੈ।

ਉਹ ਕਹਿੰਦੇ ਹਨ ਕਿ ਰੱਬ ਨੇ ਬੰਦੇ ਨੂੰ ਪਹਿਲਾਂ ਪਹਿਲ ਇੰਝ ਦਾ ਸਿਰਜਿਆ ਸੀ ਉਸ ਨੂੰ ਕੰਮਕਾਰ ਕਰਨ ਦੀ ਕੋਈ ਲੋੜ ਨਹੀਂ ਸੀ, ਨਾ ਹੀ ਘਰਾਂ ਦੀ ਕੋਈ ਲੋੜ ਸੀ, ਨਾ ਕਪੜਿਆਂ ਅਤੇ ਖੁਰਾਕ ਦੀ, ਅਤੇ ਸਾਰੇ ਦੇ ਸਾਰੇ ਸੌ ਵਰ੍ਹਿਆਂ ਤਕ ਜੀਵਨ ਬਤੀਤ ਕਰਦੇ ਸਨ ਪਰ ਕਿਸੇ ਨੂੰ ਬੀਮਾਰੀ ਨਾਂ ਦੀ ਕਿਸੇ ਚੀਜ਼ ਬਾਰੇ ਨਹੀਂ ਸੀ ਪਤਾ ਹੁੰਦਾ।

ਜਦੋਂ, ਕੁਝ ਸਮਾਂ ਬੀਤ ਜਾਣ ਉਪਰੰਤ, ਰੱਬ ਨੇ ਦੇਖਣਾ ਚਾਹਿਆ ਕਿ ਬੰਦੇ ਕਿਵੇਂ ਰਹਿ ਰਹੇ ਹਨ, ਤਾਂ ਉਸ ਨੇ ਦੇਖਿਆ ਕਿ ਆਪਣੇ ਜੀਵਨ ਵਿਚ ਖੁਸ਼ ਹੋਣ ਦੀ ਥਾਂ ਤੇ ਉਹ ਇਕ ਦੂਸਰੇ ਦੇ ਨਾਲ ਲੜਦੇ ਹਨ। ਅਤੇ ਹਰ ਕਿਸੇ ਨੂੰ ਇਸ ਹੱਦ ਤਾਂ ਆਪਣਾ ਹੀ ਖਿਆਲ ਹੈ ਕਿ ਜੀਵਨ ਵਿਚ ਖੁਸ਼ ਰਹਿਣ ਦੀ ਥਾਂ ਤੇ ਉਹ ਜ਼ਿੰਦਗੀ ਨੂੰ ਫਿਟਕਾਰ ਰਹੇ ਹਨ।

ਤੱਦ ਰੱਬ ਨੇ ਆਪਣੇ ਆਪ ਨੂੰ ਕਿਹਾ—ਇਹ ਉਹਨਾਂ ਦੇ ਵੱਖ ਵੱਖ ਰਹਿਣ ਅਤੇ ਕੇਵਲ ਆਪਣੇ ਲਈ ਹੀ ਜੀਣ ਦੇ ਕਾਰਨ ਹੋਇਆ ਹੈ। ਅਤੇ ਇਸ ਹਾਲਤ ਵਿਚ ਤਬਦੀਲੀ ਲਿਆਣ ਦੇ ਵਿਚਾਰ ਨਾਲ, ਰੱਬ ਨੇ ਇਹੋ ਜਿਹਾ ਪਰਬੰਧ ਕਰ ਦਿਤਾ ਕਿ ਬਿਨਾ ਕੰਮਕਾਰ ਕੀਤਿਆ ਦੇ ਲਈ ਰਹਿਣਾ ਅਸੰਭਵ ਹੋ ਗਿਆ। ਭੁੱਖ ਅਤੇ ਪਾਲੇ ਤੋਂ ਬਚਣ ਦੇ ਲਈ ਹੁਣ ਉਹਨਾ ਨੂੰ ਵਸੇਬੇ ਬਨਾਣੇ ਪਏ, ਧਰਤੀ ਖੋਦਣੀ ਪਈ ਅਤੇ ਫੁਲ ਤੇ ਅਨਾਜ ਉਗਾਣਾ ਪਿਆ।

ਰੱਬ ਨੇ ਸੋਚਿਆ ਕਿ ਕਿਰਤ ਉਹਨਾਂ ਨੂੰ ਇਕਠਿਆਂ ਕਰੇਗੀ। ਉਹਨਾਂ ਵਿਚੋਂ ਕੋਈ ਵੀ ਇਕੱਲਾ ਰਹਿ ਕੇ ਸੰਦ ਨਹੀਂ ਬਣਾ ਸਕਦਾ, ਲਕੜੀ ਵੱਢ ਕੇ ਇਕ ਥਾਂ ਤੋਂ ਦੂਜੀ ਥਾਂ ਤੇ ਨਹੀਂ ਲਿਜਾ ਸਕਦਾ, ਘਰ ਨਹੀਂ ਬਣਾ ਸਕਦਾ, ਫਸਲਾਂ ਬੀਜ ਵਢ ਨਹੀਂ ਸਕਦਾ, ਕਤਾਈ ਉਣਾਈ ਨਹੀਂ ਕਰ ਸਕਦਾ ਅਤੇ ਕਪੜੇ ਨਹੀਂ ਬਣਾ ਸਕਦਾ।

ਉਹਨਾਂ ਨੂੰ ਸਮਝ ਆ ਜਾਵੇਗੀ ਕਿ ਜਿਤਨਾ ਮਨ ਲਗਾਕੇ ਅਤੇ ਮਿਲ ਕੇ ਕੰਮ ਕਰਨਗੇ ਉਤਨੀ ਹੀ ਉਹਨਾਂ ਦੀ ਪ੍ਰਾਪਤੀ ਵਧ ਹੋਵੇਗੀ ਉਤਨੀ ਵਧ ਚੰਗੀ ਤਰ੍ਹਾਂ ਨਾਲ ਉਹ ਰਹਿ ਵਸ ਸਕਣਗੇ, ਅਤੇ ਇਸ ਨਾਲ ਉਹਨਾਂ ਵਿਚ ਇਤਫਾਕ ਪੈਦਾ ਹੋਵੇਗਾ।"

ਸਮਾਂ ਗੁਜ਼ਰਦਾ ਗਿਆ, ਅਤੇ ਰੱਬ ਫੇਰ ਇਹ ਦੇਖਣ ਦੇ ਲਈ ਆਇਆ ਕਿ ਹੁਣ ਬੰਦੇ ਕਿਵੇਂ ਰਹਿ ਰਹੇ ਹਨ ਅਤੇ ਹੁਣ ਉਹ ਖੁਸ਼ ਵੀ ਹਨ ਕਿ ਨਹੀਂ।

ਪਰ ਉਸਨੇ ਦੇਖਿਆ ਕਿ ਹੁਣ ਉਹਨਾਂ ਦੀ ਦਸ਼ਾ ਪਹਿਲਾਂ ਦੇ ਨਾਲੋਂ ਵੀ ਭੈੜੀ ਹੈ। ਉਹ ਮਿਲਕੇ ਕੰਮ ਕਰਦੇ (ਹੋਰ ਕੋਈ ਚਾਰਾ ਹੀ ਨਹੀਂ ਸੀ ਉਹਨਾ ਦੇ ਪਾਸ) ਪਰ ਸਭ ਦੇ ਸਭ ਮਿਲ ਕੇ ਨਹੀਂ ਸਨ ਕਰਦੇ, ਉਹਨਾ ਨੇ ਨਿਕੀਆਂ ਨਿੱਕੀਆਂ ਟੋਲੀਆਂ ਬਣਾ ਲਈਆਂ ਸਨ। ਹਰ ਇਕ ਟੋਲੀ ਦੂਜੀ ਟੋਲੀ ਦਾ ਕੰਮ ਖੋਹ ਲੈਣਾ ਚਾਂਹਦੀ ਹੈ ਅਤੇ ਇਕ ਦੂਸਰੇ ਦੇ ਲਈ ਅੜਿਕਾ ਬਣਦੇ ਹਨ, ਇਹਨਾਂ ਝਗੜਿਆਂ ਵਿਚ ਸਮਾ ਤੇ ਤਾਕਤ ਨਸ਼ਟ ਕਰ ਰਹੇ ਹਨ ਅਤੇ ਇਸ ਪਰਕਾਰ ਸਾਰਿਆਂ ਲਈ ਹੀ ਇਕ ਪਰਕਾਰ ਦਾ ਖਲਜਗਨ ਜਿਹਾ ਬਣ ਕੇ ਰਹਿ ਗਿਆ ਹੈ।

ਇਹ ਦੇਖਕੇ ਕਿ ਇੰਝ ਵੀ ਕੁਝ ਨਹੀਂ ਸੰਰਿਆ, ਰੱਬ ਨੇ ਫੈਸਲਾ ਕੀਤਾ ਕਿ ਇੰਝ ਦਾ ਪਰਬੰਧ ਕੀਤਾ ਜਾਵੇ ਕਿ ਬੰਦੇ ਨੂੰ ਆਪਣੀ ਮੌਤ ਦੇ ਸਮੇਂ ਦਾ ਪਤਾ ਨਾ ਲੱਗੇ, ਸਗੋਂ ਉਹ ਕਿਸੇ ਵੀ ਪਲ ਮਰ ਸਕਦਾ ਹੋਵੇ, ਇਸ ਗੱਲ ਬਾਰੇ ਉਸਨੇ ਉਹਨਾਂ ਵਿਚ ਐਲਾਨ ਕਰ ਦਿੱਤਾ।

ਰੱਬ ਦਾ ਖਿਆਲ ਸੀ ਕਿ ਇਹ ਜਾਣਦਿਆਂ ਕਿ ਉਹ ਕਿਸੇ ਵੀ ਪਲ ਮਰ ਮੁੱਕ ਸਕਦੇ ਹਨ ਉਹ ਆਪਣੀ ਜ਼ਿੰਦਗੀ ਦੇ ਕੀਮਤੀ ਘੰਟਿਆਂ ਨੂੰ ਅਜਾਈਂ ਨਹੀਂ ਜਾਣ ਦੇਣਗੇ।

ਪਰ ਗੱਲ ਇਸ ਤੋਂ ਉਲਟ ਹੋਈ। ਜਦੋਂ ਰੱਬ ਫੇਰ ਆਪਣੇ ਬੰਦਿਆਂ ਦੀ ਸਾਰ ਲੈਣ ਦੇ ਲਈ ਆਇਆ ਤਾਂ ਉਹਨਾਂ ਦੀ ਉਹੋ ਭੈੜੀ ਹਾਲਤ ਸੀ ਪਹਿਲਾਂ ਵਾਂਗ ਹੀ।

ਇਹ ਸਭ ਕੁਝ ਦੇਣ ਲੈਣ ਉਪਰੰਤ, ਉਲਝੀ ਤਾਣੀ ਨੂੰ ਸੁਲਝਾਣ ਦੇ ਵਿਚਾਰ ਨਾਲ, ਰੱਬ ਨੇ ਇਕ ਅੰਤਮ ਸਾਧਨ ਵਰਤਣ ਦਾ ਨਿਰਣਾ ਲਿਆ, ਉਸ ਨੇ ਬੰਦਿਆਂ ਵਿਚ ਹਰ ਪਰਕਾਰ ਦੀ ਬੀਮਾਰੀ ਨੂੰ ਭੇਜ ਦਿੱਤਾ, ਰੱਬ ਨੇ ਸੋਚਿਆ ਸੀ ਕਿ ਜਦੋਂ ਸਭ ਨੂੰ ਰੋਗੀ ਹੋ ਜਾਣ ਦਾ ਭੈ ਬਣਿਆ ਰਹੇਗਾ ਤਾਂ ਉਹ ਸਮਝ ਜਾਣਗੇ ਕਿ ਜੇਹੜੇ ਭਲੇ ਚੰਗੇ ਹਨ ਉਹ ਰੋਗੀਆਂ ਤੇ ਤਰਸ ਕਰਨਗੇ ਅਤੇ ਉਹਨਾਂ ਦੀ ਸਹਾਇਤਾ ਕਰਨਗੇ, ਤਾਂ ਜੋ ਜੇ ਕਦੇ ਉਹ ਆਪ ਬੀਮਾਰ ਹੋ ਗਏ ਤਾਂ ਬਦਲੇ ਵਿਚ ਭਲੇ ਚੰਗੇ ਲੋਕ ਉਹਨਾਂ ਦੀ ਮੱਦਦ ਕਰਨਗੇ।

ਰੱਬ ਫੇਰ ਵਾਪਸ ਪਰਤ ਗਿਆ ਸੀ। ਪਰ ਜਦੋਂ ਉਹ ਇਹ ਦੇਖਣ ਦੇ ਲਈ ਪਰਤਕੇ ਆਇਆ ਕਿ ਮਨੁੱਖ ਹੁਣ ਕਿਵੇਂ ਰਹਿ ਰਿਹਾ ਹੈ ਕਿਉਂ ਜੋ ਹੁਣ ਤਾਂ ਉਹ ਬੀਮਾਰ ਵੀ ਹੋ ਸਕਦਾ ਸੀ, ਉਸਨੇ ਦੇਖਿਆ ਕਿ ਹੁਣ ਤਾਂ ਉਹਨਾਂ ਦਾ ਜੀਵਨ ਪਹਿਲਾਂ ਨਾਲੋਂ ਵੀ ਕਿਤੇ ਵਧ ਭੈੜਾ ਸੀ। ਰੋਗ, ਜਿਸ ਬਾਰੇ



Sri Satguru Jagjit Singh Ji eLibrary NamdhariElibrary@gmail.com

ਰੱਬ ਦਾ ਵਿਚਾਰ ਸੀ ਕਿ ਬੰਦਿਆਂ ਨੂੰ ਇਕਮੁਠ ਕਰੇਗਾ, ਉਸਨੇ ਤਾਂ ਸਗੋਂ ਬੰਦਿਆਂ ਨੂੰ ਹੋਰ ਵਧੇਰੇ ਵੰਡ ਖਿਲਾਰ ਦਿੱਤਾ ਸੀ। ਉਹ ਬੰਦੇ ਜੋਹੜੇ ਕਿ ਕਾਫ਼ੀ ਤਕੜੇ ਸਨ ਅਤੇ ਦੂਜਿਆਂ ਪਾਸੋਂ ਕੰਮਕਾਰ ਕਰਵਾ ਸਕਣ ਦੇ ਸਮਰਥ ਸਨ ਉਹ ਜਦੋਂ ਬੀਮਾਰ ਪੈਂਦੇ ਸਨ ਤਾਂ ਉਹਨਾਂ ਨਿਰਬਲਾਂ ਪਾਸੋਂ ਜ਼ੋਰ ਨਾਲ ਆਪਣੀ ਸੇਵਾ ਕਰਵਾ ਲੈਂਦੇ ਸਨ। ਪਰ ਜਦੋਂ ਕਮਜ਼ੋਰ ਬੀਮਾਰ ਹੁੰਦੇ ਤਾਂ ਉਹ ਬਿਲਕੁਲ ਹੀ ਉਹਨਾਂ ਦੀ ਪਰਵਾਹ ਨਾ ਕਰਦੇ। ਅਤੇ ਉਹ ਜਿਨ੍ਹਾਂ ਨੂੰ ਮਜਬੂਰੀ ਵਸ ਹੋਰਾਂ ਦੇ ਲਈ ਕੰਮ ਕਰਨਾ ਪੈਂਦਾ ਸੀ, ਜਦੋਂ ਉਹ ਬੀਮਾਰ ਪੈਂਦੇ ਸਨ ਤਾਂ ਉਹਨਾਂ ਦੀ ਤੀਮਾਰਦਾਰੀ ਵੀ ਕਰਨੀ ਪੈਂਦੀ ਸੀ, ਉਹਨਾਂ ਦਾ ਕੰਮਕਾਰ ਦੇ ਬੋਝ ਵਿਚ ਬੁਰਾ ਹਾਲ ਸੀ, ਏਥੋਂ ਤੱਕ ਕਿ ਉਹਨਾਂ ਦੇ ਪਾਸ ਖੁਦ ਆਪਣੇ ਰੋਗੀਆਂ ਦੀ ਸੇਵਾ ਲਈ ਵੀ ਵਕਤ ਨਹੀਂ ਸੀ ਅਤੇ ਉਹਨਾਂ ਨੂੰ ਬਿਨਾਂ ਸੰਭਾਲ ਹੀ ਛੱਡਣਾ ਪੈਂਦਾ ਸੀ। ਰੋਗੀ ਲੋਕਾਂ ਦੀ ਭੈੜੀ ਦਿਸ਼ਾ ਦੇਖ ਕੇ ਧਨੀਆਂ ਦੇ ਐਸ਼ ਆਰਾਮ ਵਿਚ ਕੋਈ ਵੀ ਵਿਘਨ ਨਹੀਂ ਸੀ ਪੈਂਦਾ, ਇਹੋ ਜਹੇ ਘਰਾਂ ਦਾ ਪਰਬੰਧ ਕੀਤਾ ਗਿਆ ਜਿਥੇ ਇਹ ਗ਼ਰੀਬ ਲੋਕ ਦੁਖ ਸਹਿੰਦੇ ਅਤੇ ਮਰਦੇ ਸਨ, ਉਹਨਾਂ ਲੋਕਾਂ ਦੀਆਂ ਅੱਖਾਂ ਤੋਂ ਕਿਤੇ ਦੁਰਾਡੀਆਂ ਥਾਵਾਂ ਤੇ, ਜਿਥੇ ਕਿ ਉਹਨਾਂ ਨੂੰ ਹਮਦਰਦੀ ਕਾਰਨ ਢਾਰਸ ਪਰਾਪਤ ਹੋ ਸਕਦੀ ਹੋਵੇ। ਮਜ਼ਦੂਰੀ ਤੇ ਰੱਖੇ ਬੰਦੇ ਜੋ ਬਿਨਾਂ ਕਿਸੇ ਸਾਹਨਭੂਤੀ ਤੋਂ ਉਹਨਾਂ ਦੀ ਦੇਖ ਭਾਲ ਕਰਦੇ ਸਗੋਂ ਦਿਲੋਂ ਦੁਖੀ ਹੋ ਕੇ ਹੀ ਕਰਦੇ ਸਨ ਅਤੇ ਫੇਰ ਕਈ ਰੋਗਾਂ ਨੂੰ ਲੋਕ ਲਾਗ ਜਾਂ ਛੂਤ ਦੇ ਰੋਗ ਸਮਝਦੇ ਅਤੇ ਛੂਤ ਲੱਗ ਜਾਣ ਦੇ ਡਰੋਂ ਨਾ ਕੇਵਲ ਰੋਗੀ ਪਸੋਂ ਕਤਰਾਕੇ ਹੀ ਰਹਿੰਦੇ ਸਗੋਂ ਉਹਨਾਂ ਰੋਗੀਆਂ ਦੀ ਤੀਮਾਰਦਾਰੀ ਕਰਨ ਵਾਲਿਆਂ ਪਾਸੋਂ ਵੀ ਪਰੇ ਹੀ ਰਹਿੰਦੇ।

ਤਦ ਰੱਬ ਨੇ ਆਪਣੇ ਆਪ ਨੂੰ ਕਿਹਾ—ਜੇਕਰ ਇਸ ਸਾਧਨ ਦੀ ਵਰਤੋਂ ਉਪਰੰਤ ਵੀ ਮਨੁੱਖ ਨੂੰ ਇਹ ਸਮਝ ਨਹੀਂ ਪਈ ਕਿ ਉਸਦੀ ਖੁਸ਼ੀ ਕਿਸ ਕੰਮ ਤੋਂ ਪਰਾਪਤ ਹੋ ਸਕਦੀ ਹੈ ਤਾਂ ਉਹ ਆਪੇ ਦੁਖੜੇ ਸਹਿ ਸਹਿਕੇ ਸਿਖਣ ਅਤੇ ਰੱਬ ਨੇ ਉਹਨਾਂ ਦੇ ਹਾਲ ਤੇ ਛੱਡ ਦਿੱਤਾ।

ਅਤੇ ਆਪਣੇ ਹਾਲ ਤੇ ਛੱਡੇ ਜਾਣ ਤੋਂ ਉਪਰੰਤ ਵੀ ਬੰਦੇ ਨੂੰ ਢੇਰ ਚਿਰ ਲੱਗਾ ਜਦੋਂ ਉਸਨੂੰ ਸਮਝ ਆਈ ਕਿ ਸਾਰੇ ਨੇ ਖੁਸ਼ ਰਹਿਣਾ ਹੈ ਅਤੇ ਖੁਸ਼ ਰਿਹਾ ਜਾ ਸਕਦਾ ਵੀ ਹੈ। ਕੋਈ ਹੁਣੇ ਜਹੇ ਤੋਂ ਹੀ ਉਹਨਾਂ ਵਿਚੋਂ ਕੁਝ ਇਕਨਾਂ ਨੂੰ ਸਮਝ ਪਈ ਹੈ ਕਿ ਕਿਰਤ ਕੋਈ ਹਊਆ ਨਹੀਂ ਹੈ ਅਤੇ ਨਾ ਹੀ ਦੂਸਰਿਆਂ ਦੀ ਦਾਸਤਾ ਵਰਗੀ ਹੀ ਇਹ ਕੋਈ ਚੀਜ਼ ਹੈ, ਸਗੋਂ ਇਹ ਤਾਂ ਸਾਰੇ ਮਨੁੱਖਾਂ ਨੂੰ ਜੋੜਣ ਵਾਲਾ ਸਾਂਝਾ ਅਤੇ ਖੁਸ਼ੀ ਭਰਿਆ ਵਿਹਾਰ ਹੋਣਾ ਚਾਹੀਦਾ ਹੈ। ਉਹਨਾ ਨੇ ਸਮਝਣਾ ਸ਼ੁਰੂ ਕਰ ਦਿੱਤਾ ਹੈ ਸਾਡੇ ਵਿਚ ਹਰ ਇਕ ਦੇ ਲਈ ਮੌਤ ਦੇ ਨਿਰੰਤਰ ਬਣੇ ਡਰ ਕਾਰਨ, ਹਰ ਬੰਦੇ ਦੇ ਲਈ ਮੁਨਾਸਬ ਕਾਰਜ ਇਹੋ ਹੈ ਕਿ ਜੇਹੜੇ ਵਰ੍ਹੇ, ਮਹੀਨੇ, ਘੰਟੇ ਅਤੇ ਪਲ, ਉਸਦੇ ਵੰਡੇ ਵਿਚ ਆਏ ਹਨ—ਉਹਨਾਂ ਨੂੰ ਏਕੇ ਅਤੇ ਪਿਆਰ ਨਾਲ ਬਤੀਤ ਕਰੇ। ਉਸਨੂੰ ਸਮਝ ਆਣ ਲਗਾ ਹੈ ਕਿ ਬੀਮਾਰੀ ਕਾਰਨ ਤਾਂ ਬੰਦਿਆਂ ਦੇ ਵੰਡੇ ਜਾਣ ਦੀ ਬਜਾਏ ਬੰਦਿਆਂ ਨੂੰ ਪਿਆਰ ਭਰੇ ਮੇਲ ਮਿਲਾਪ ਨਾਲ ਰਹਿਣ ਵਸਣ ਦਾ ਮੌਕਾ ਮਿਲਦਾ ਹੈ। ਵੰਡੀਆਂ ਕਾਹਦੇ ਲਈ ਚਾਰ ਦਿਨ ਜੀਣਾ ਹੈ ਤਾਂ ਪ੍ਰੇਮ ਨਾਲ ਕਿਉਂ ਨਾ ਜੀਵਿਆ ਜਾਵੇ।

×


**REPUTED MANUFACTURER OF :**

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER — Phone : 3805

**MODERN GUN WORKS**

**Opp. Industrial Estate,**

**JAMMU CANTT.**





Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜ ਦਿਨ ਪਹਾੜ ਦੇ

—ਰਾਜਿੰਦਰ ਸਿੰਘ ਗੁਰੂਸਰ—

ਸ: ਰਾਜਿੰਦਰ ਸਿੰਘ ਗੁਰੂਸਰ ਦੀ ਲੇਖਣੀ ਤੋਂ ਵਰਿਆਮ ਦੇ ਪਾਠਕ ਪ੍ਰੀਚਿਤ ਹਨ। ਮਾਤਾ ਭੂਪਿੰਦਰ ਕੌਰ ਦਾ ਅਨੰਦ ਕਾਰਜ ਵਾਲਾ ਇਹਨਾਂ ਦਾ ਲੇਖ ਸਾਹਿਤਕ ਹਲਕਿਆਂ ਵਿਚ ਬਹੁਤ ਸਲਾਹਿਆ ਗਿਆ ਹੈ। ਪਿਛੇ ਜਿਹੇ ਆਪ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮੰਡੀ ਕੁਲੂ ਮਨਾਲੀ ਦੀ ਯਾਤਰਾ ਤੇ ਗਏ ਸਨ। ਉਸ ਯਾਤਰਾ ਦਾ ਚਿਤਰਣ ਇਹਨਾਂ ਇਸ ਲੇਖ ਵਿਚ ਕੀਤਾ ਹੈ।

ਸਤਿਗੁਰੂ ਜੀ ਦੇ ਸਹਿ ਪਾਠੀ ਨਿਕਟਵਰਤੀ ਅਤੇ ਦੁਨਿਆਵੀ ਰਿਸ਼ਤੇ ਵਲੋਂ ਮਾਮੇ ਦੇ ਪੁਤ ਭਰਾ ਹੋਣ ਕਰਕੇ ਉਹ ਸ੍ਰੀ ਜੀ ਨਾਲ ਵਿਨੋਦੀ ਗਲਾਂ ਬਾਤਾਂ ਵੀ ਕਰ ਲੈਂਦੇ ਹਨ ਅਤੇ ਉਹਨਾਂ ਦੀ ਪੇਸ਼ਕਾਰੀ ਵੀ ਸੋਹਣੀ ਖੁਲ ਨਾਲ ਕਰਦੇ ਹਨ।

ਸਤਿਜੁਗ ਦੇ ਪੁਰਾਣੇ ਲੇਖਕ ਤੇ ਸੰਪਾਦਕ ਜੀ ਨੇ ਆਪਣੀ ਸਾਹਿਤਕ ਚੁੱਪ ਨੂੰ ਆਖਰ ਤੋੜਿਆ ਹੈ। ਆਸ ਕਰਦੇ ਹਾਂ ਕਿ ਇਹਨਾਂ ਦੀ ਕਲਮ ਤੋਂ ਪੰਜਾਬੀ ਸਾਹਿਤ ਅਤੇ ਨਾਮਧਾਰੀ ਜਗਤ ਨੂੰ ਜ਼ਰੂਰ ਲਾਭ ਪੁਜੇਗਾ। —ਸੰਪਾਦਕ

ਪੰਡਿਤ ਗੋਪਾਲ ਸਿੰਘ ਜੀ ਕਿਹਾ ਤੂੰ ਕਲ ਜੋ ਜਾਣਾ ਹੈ। ਅਜ ਮੇਰੇ ਨਾਲ ਹੀ ਚਲ। ਰਾਤ ਨੂੰ ਰੋਪੜ ਰਹਾਂਗੇ ਤੇ ਕਲ ਨੂੰ ਗੁਰੂ ਜੀ ਨਾਲ ਮੰਡੀ ਚਲਾ ਜਾਵੀਂ।

ਮੈਂ ਕਿਹਾ-ਸਤਿਗੁਰੂ ਜੀ ਕੋਲ ਅਰਜ਼ ਕਰ ਲਈਏ। ਫੇਰ ਠੀਕ ਹੈ ਚੰਗਾ......

ਸਚੇ ਪਾਤਿਸ਼ਾਹ ਜੀ! ਪੰਡਿਤ ਜੀ ਰੋਪੜ ਜਾਂ ਰਹੇ ਨੇ ਅਖੰਡ ਪਾਠ ਦੇ ਭੋਗ ਤੇ! ਜੇ ਹੁਕਮ ਹੋਵੇ ਤਾਂ.........

ਸਤਿਗੁਰੂ ਜੀ ਕਿਹਾ : ਠੀਕ ਹੈ। ਤੂੰ ਅਜ ਹੀ ਚਲਾ ਜਾਹ। ਕਲ ਨੂੰ ਅਸੀਂ ਤੈਨੂੰ ਨਾਲ ਲੈ ਚਲਾਂਗੇ।

ਮੈਂ ਕਿਹਾ : ਸਚੇ ਪਾਤਸ਼ਾਹ ਜੀ! ਮੇਰੀ ਸੀਟ ਨਾ ਰੁਕਾ ਦੇਣੀ?

ਗੁਰੂ ਜੀ ਕਿਹਾ : ਮੈਨੂੰ ਵੀ ਏਹ ਕਹਿਣ ਦੀ ਲੋੜ ਹੈ?

ਮੈਂ ਕਿਹਾ : ਸਚੇ ਪਾਤਿਸ਼ਾਹ ! ਏਹੋ ਤਾਂ ਜੀਵ ਤੇ ਬ੍ਰਹਮ ਵਿਚ ਫਰਕ ਹੈ।

### ਕੌਣ ਕਹਿੰਦਾ ਹੈ?

ਗਮੀਆਂ ਤੇ ਖੁਸ਼ੀਆਂ ਦੇ ਭੋਗ ਪਾਕੇ, ਸਾਢੇ ਦਸ ਵਜੇ ਗੁਰੂ ਜੀ ਦਾ ਕਾਫ਼ਲਾ, ਰੋਪੜ ਤੋਂ ਮੰਡੀ ਨੂੰ ਰਵਾਨਾ ਹੋ ਗਿਆ। ਪਹਾੜਾਂ ਦੇ ਏਸ ਸਿਲਸਿਲੇ ਵਲ, ਅਜ ਮੈਂ ਚਾਲੀ ਸਾਲਾਂ ਪਿਛੋਂ ਜਾ ਰਿਹਾ ਸਾਂ। ਸਭ ਕੁਝ ਬਦਲ ਗਿਆ ਸੀ। ਬਹੁਤ ਹੀ ਉੱਚੀਆਂ ਚਿਮਨੀਆਂ ਵਾਲਾ, ਰੋਪੜ ਦਾ ਇਕ ਹਜਾਰ ਮੈਗਾਵਾਟ ਦਾ ਥਰਮਲ ਪਲਾਂਟ। ਫੇਰ ਗੋਬਿੰਦ ਸਾਗਰ ਝੀਲ। ਅਸਲ ਵਿਚ ਏਸ ਸ੍ਰਿਸ਼ਟੀ ਦਾ ਕਰਤਾ ਧਰਤਾ ਪਾਣੀ ਹੀ ਹੈ। ਏਸ ਤੋਂ ਖੂਬਸੂਰਤ ਚੀਜ ਹੋਰ ਕੋਈ ਨਹੀਂ, ਏਸ ਵਾਸਤੇ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ :—

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ।

ਵਧੀਆ ਚੌੜੀਆਂ ਸੜਕਾਂ। ਇਕ ਪਾਸੇ ਪਹਾੜ ਅਤੇ ਦੂਸਰੇ ਪਾਸੇ ਦਰਿਆ ਸਤਿਲੁਜ। ਮੋੜ ਤੇ ਮੋੜ। ਹਰ ਮੋੜ ਪੂਰੀ ਤਰਾਂ ਸੇਫ। ਛੋਟੇ ਤੋਂ ਛੋਟੇ ਖਤਰੇ ਵਾਲੇ ਥਾਂ ਉਤੇ ਸਫੈਦ ਨਿਸ਼ਾਨ। ਖੱਡ ਵਾਲੇ ਪਾਸੇ, ਮੋਟੇ ਪਥਰਾਂ ਦਾ ਚੌੜੀ ਕੰਧ। ਪੰਜਾਬ ਦੀਆਂ ਲੋਕਲ ਸੜਕਾਂ ਦੇ ਬਿਲਕੁਲ ਉਲਟ। ਸਾਫ ਤੇ ਸੂਫ। ਛੋਟੇ ਛੋਟੇ ਪਿੰਡਾਂ ਦੀ ਗਹਿਮਾ ਗਹਿਮੀ। ਚਮਕਦੇ ਮਕਾਨ। ਜਿਵੇਂ ਅੱਡ-ਅੱਡ ਥਾਵਾਂ ਉਤੇ, ਖਿਲਰੇ ਬਰਫ ਦੇ ਟੁਕੜੇ। ਹਨੇਰੀ ਰਾਤ ਵਿਚ ਚਮਕਦੇ ਤਾਰਿਆਂ ਵਾਂਗ ਹੇਠਾਂ ਤੋਂ ਧੁਰ ਉਤਾਂਹ ਤਕ ਥਾਂ ਪਰ ਥਾਂ ਚਮਕਦੇ ਬਿਜਲੀ ਦੇ ਲਾਟੂ। ੬-੭ ਕਾਰਾਂ ਨਾਲ ਜਾ ਰਿਹਾ ਸਤਿਗੁਰੂ ਜੀ ਦਾ ਕਾਫਲਾ। ਅਜੀਬੋ ਗਰੀਬ ਸੁਫਨਿਆਂ ਵਾਂਗ ਮੋੜ ਤੇ ਮੋੜ ਕਟਦਾ ਜਾ ਰਿਹਾ ਸੀ।

ਏਹ ਠੀਕ ਹੈ, ਪਹਾੜੀ ਮਾਫੀਏ ਨੇ ਇਕ ਵਾਰ ਸਾਰੇ ਪਹਾੜ ਗੰਦੇ ਕਰ ਦਿਤੇ ਸਨ। ਪਰ ਹੁਣ ਥਾਂ ਥਾਂ ਤੇ ਚੀਲ, ਸਪੈਦਾ ਪਪੂਲਰ ਤੇ ਦਿਆਰ ਦੇ ਰੁਖਾਂ ਨਾਲ ਪਹਾੜ ਹਰੇ ਭਰੇ ਦਿਸਦੇ ਹਨ।

ਹਰਿਆਣਾ ਹਿਮਾਚਲ ਤੇ ਪੰਜਾਬ ਵਿਚੋਂ; ਹਿਮਾਚਲ ਪਹਿਲੇ ਨੰਬਰ ਤੇ ਦਿਸਦਾ ਹੈ। ਅਤੇ ਪੰਜਾਬ ਤੀਸਰੇ ਨੰਬਰ ਤੇ। ਬੇਕਾਰ ਸੜਕਾਂ, ਟੁਟ ਰਹੇ ਪੁਲ, ਉਖੜ ਰਹੇ ਨਹਿਰਾਂ ਤੇ ਖਾਲੇ। ਹੇਰਾ ਫੇਰੀ ਤੇ ਕਤਲੋਗਾਰਤ ਵਿਚ ਸਭ ਤੋਂ ਅਗੇ ਹੈ ਸਾਡਾ ਪੰਜਾਬ। ਕਹਿਣ ਵਾਲੇ ਕਹਿੰਦੇ ਹੀ ਰਹਿਦੇ ਨੇ, ਹਿਮਾਚਲ ਇਕ ਪਛੜਿਆ ਪ੍ਰਦੇਸ਼ ਹੈ। ਪਰ ਦੇਖਣ ਵਿਚ ਇੰਝ ਨਹੀਂ। ਖਾਸ ਤੌਰ ਉਤੇ, ਸਰਕਾਰੀ ਕੰਮਕਾਜ। ਪੰਜਾਬ ਵਿਚ ਕੀਤੇ ਹੋਏ ਸਰਕਾਰੀ ਕੰਮ, ਵਿਖਾਇਆਂ ਹੀ ਦਿਸਦੇ ਹਨ। ਏਥੇ ਬਿਨਾਂ ਵਖਾਇਆਂ ਏਹ ਸਭ ਕੁਝ ਦਿਸਦਾ ਹੈ। ਘਰ ਘਰ ਬਿਜਲੀ, ਵਧੀਆ ਸੈਰਗਾਹਾਂ, ਨਹਿਰਾਂ ਡੈਮ ਤੇ ਹੋਟਲ ਅਤੇ ਸਫਾਈ। ਸਭ ਜਗ੍ਹਾ ਬਾਗ, ਬਗੀਚਿਆਂ ਦੀ ਭਰਮਾਰ ਅਤੇ ਪਹਾੜੀਆਂ ਦੀ ਗਰੀਬੀ।

ਇਕ ਵਾਰ, ਦਾਦਾ ਧਰਮਾਅਧਿਕਾਰੀ ਜੀ ਕਿਸੇ ਗਰੀਬ ਬਸਤੀ ਵਿਚ ਗਏ। ਓਥੇ ਪੁਲੀਸ ਵੇਖਕੇ ਬਹੁਤ ਹੈਰਾਨ ਹੋਏ। ਸੋਚਨ ਲਗੇ ਏਥੇ ਏਹਨਾਂ ਦਾ ਕੀ ਕੰਮ। ਪਰ ਛੇਤੀ ਹੀ ਸਮਝ ਵਿਚ ਆ ਗਿਆ। ਸਰਕਾਰ ਜੋ ਕੁਝ ਵੀ


Sri Satguru Jagjit Singh Ji eLibrary NamdhariElibrary@gmail.com

ਕਰਦੀ ਹੈ, ਬਹੁਤ ਸੋਚ ਸਮਝਕੇ ਕਰਦੀ ਹੈ। ਏਥੇ ਇਹਨਾਂ ਦਾ ਕੰਮ ਸੀ "ਗਰੀਬਾਂ ਦੀ ਗਰੀਬੀ ਦੀ ਰਖਿਆ ਕਰਨਾ।" ਸ਼ਹਿਰਾਂ ਵਿਚ "ਅਮੀਰਾਂ ਦੀ ਅਮੀਰੀ ਦੀ ਰਖਿਆ ਕਰਨਾ"। ਗਰੀਬੀ ਦੀ ਸਰਕਾਰ ਨੂੰ ਲੋੜ ਹੈ। ਜਿਸ ਵਾਸਤੇ, ਕੋਸ਼ਿਸ਼ ਨਾਲ, ਗਰੀਬੀ ਦੀ ਰਖਿਆ, ਸਾਰੇ ਭਾਰਤ ਵਿਚ ਕੀਤੀ ਜਾਂਦੀ ਹੈ। ਜਦੋਂ ਏਸ ਦੀ ਜ਼ਰੂਰਤ ਨਹੀਂ ਸੀ, ਓਸ ਵੇਲੇ ਭਾਰਤ ਨੂੰ "ਦੁਨੀਆ ਦਾ ਸਵਰਗ" ਅਤੇ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਇਕ ਆਦਮੀ, ਜੋ ਸਾਰੀ ਦੁਨੀਆ ਘੁੰਮ ਆਇਆ ਸੀ, ਕਿਹਾ : ਜਾਪਾਨ ਜਰਮਨੀ ਆਦਿ ਵਿਚ ਜਿਥੇ ਕੁਝ ਵੀ ਆਪਣਾ ਨਹੀਂ ਹੁੰਦਾ : ਸਭ ਕੁਝ ਮਿਲਦਾ ਹੈ ਅਤੇ ਸਾਡੇ ਏਥੇ, ਸਭ ਕੁਝ ਹੁੰਦੇ ਹੋਇਆਂ, "ਕੁਝ ਵੀ ਨਹੀ ਮਿਲਦਾ ਜਾਂ ਬਲੈਕ ਵਿਚ ਮਿਲਦਾ ਹੈ।

"ਸੁਕੇਤ" ਦਾ ਨਾਮ ਪੂਰੀ ਤਰਾਂ ਮਿਟ ਚੁਕਾ ਹੈ। ਉਸ ਦੀ ਜਗ੍ਹਾ ਆ ਗਿਆ ਹੈ ਸੁੰਦਰ ਨਗਰ। ਸੁੰਦਰ ਨਗਰ ਦੀ ਸੰਗਤ ਦੇ ਸੁਆਗਤ ਪਿਛੋਂ; ਸਤਿਗੁਰੂ ਦੀ ਮੰਡੀ ਪਹੁੰਚ ਗਏ। ਜੋ ਬਹੁਤ ਖੂਬਸੂਰਤ ਤੇ ਮਨ ਲੁਭਾਵਣਾ ਸ਼ਹਿਰ ਹੈ। ਓਥੇ ਨਾਮਧਾਰੀ ਅਲੈਵਨ ਦਾ ਬੀ.ਐਸ.ਐਫ. ਦੀ ਟੀਮ ਨਾਲ ਹਾਕੀ ਦਾ ਮੈਚ ਵੇਖਿਆ। ਜੋ ਬਰਾਬਰ ਰਿਹਾ। ਮਾਰਕੇ ਦੀ ਗਲ ਏਹ ਸੀ—ਬੀ.ਐਸ.ਐਫ. ਦਾ ਕਪਤਾਨ ਲਾਲਚਵਸ ਨਾਮਧਾਰੀ ਇਲੈਵਨ ਸਿਰਸਾ ਵਿਚੋਂ ਹੀ ਗਿਆ ਸੀ।

"ਨਾਮਧਾਰੀ ਇਲੈਵਨ" ਹਾਕੀ ਦੀ ਉਹ ਟੀਮ ਹੈ ਜਿਸਨੂੰ ਸਤਿਗੁਰੂ ਜਗਜੀਤ ਸਿੰਘ ਨੇ ਹੀ ਤਿਆਰ ਕੀਤਾ ਹੈ, ਆਪਣੇ ਖਰਚ ਉਤੇ। ਐਤਕਾਂ ਦਿੱਲੀ ਵਿਚ—ਭਾਰਤ ਦੀਆਂ ਸਾਰੀਆਂ ਹਾਕੀ ਟੀਮਾਂ ਜਿੱਤ ਕੇ "ਸੰਜੇ ਮੈਮੋਰੀਅਲ" ਹਾਕੀ ਕੱਪ ਹਾਸਲ ਕੀਤਾ ਹੈ। ਕੱਪ ਬਹੁਤ ਸੁੰਦਰ ਹੈ। ਏਸ ਤਰਾਂ ਨਾਮਧਾਰੀ ਟੀਮ ਦੀ—ਸਾਰੇ ਭਾਰਤ ਅਤੇ ਬਾਕੀ ਦੁਨੀਆ ਵਿਚ ਮਸ਼ਹੂਰੀ ਹੋਈ ਹੈ।

ਮੰਡੀ ਵਿਚ ਜਿਤਿਆ ਕੱਪ ਪਹਿਲੇ ਛੇ ਮਹੀਨੇ 'ਨਾਮਧਾਰੀ ਅਲੈਵਨ' ਕੋਲ ਤੇ ਫੇਰ ਬੀ.ਐਸ.ਐਫ ਕੋਲ ਚਲਾ ਜਾਵੇਗਾ, ਛੇ ਮਹੀਨੇ ਵਾਸਤੇ। ਏਥੇ ਲਿਖਣ ਵਾਲੀ ਖਾਸ ਗਲ ਏਹ ਹੈ ਕਿ ਏਸ ਮੈਚ ਦਾ ਉਦਘਾਟਨ ਤੇ ਸਮਾਪਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਰਸਨਾਂ ਦੁਆਰਾ ਕੀਤਾ ਅਤੇ ਮੰਡੀ ਦੀ ਸੰਗਤ ਨੇ ਇਨਾਮ ਵਜੋਂ ਪੰਜ ਹਜ਼ਾਰ ਖਿਲਾੜੀਆਂ ਨੂੰ ਭੇਟਾ ਕੀਤੇ। ਇਕ ਗਲ ਹੋਰ ਏਸ ਟੀਮ ਦੀ ਅਗਵਾਈ ਠਾਕਰ ਉਦੇ ਸਿੰਘ ਜੀ ਨੇ ਕੀਤੀ। ਜੋ ਨਾਮਧਾਰੀ ਇਲੈਵਨ ਦੇ ਨਾਲ ਪ੍ਰਛਾਂਵੇ ਦੀ ਤਰ੍ਹਾਂ ਰਹੇ।

**ਮੰਡੀ**

ਮੰਡੀ ਹਿਮਾਚਲ ਦਾ ਇਕ ਜ਼ਿਲਾ ਹੈ ਤੇ ਸ਼ਹਿਰ ਦਾ ਨਾਮ ਵੀ ਮੰਡੀ ਹੈ। ਏਸ ਸ਼ਹਿਰ ਦੇ ਵਿਚੋਂ ਦੀ ਦੋ ਦਰਿਆ ਲੰਘਦੇ ਹਨ। ਜੋ ਸ਼ਹਿਰ ਨੂੰ ਪੂਰੀ ਤਰਾਂ ਸਾਫ ਰਖਦੇ ਹਨ। ਸ਼ਹਿਰ ਦਾ ਸਾਰਾ ਗੰਦ ਸੁਕੇਤੀ ਤੇ ਬਿਆਸਾ ਵਿਚ ਲੋਕ ਸੁਟੀ ਜਾਂਦੇ ਹਨ। ਜਦੋਂ ਬਾਰਸ਼ ਹੁੰਦੀ ਹੈ ਉਸ ਵੇਲੇ ਪੂਰੀ ਸਫ਼ਾਈ ਹੋ ਜਾਂਦੀ ਹੈ ਤੇ ਸਾਰੇ ਗੰਦ ਮੰਦ ਨੂੰ ਸਮੇਟੀ, ਸਾਰਾ ਪਾਣੀ ਪੰਜਾਬ ਦੇ ਖੇਤਾਂ ਵਿਚ ਚਲਾ ਜਾਂਦਾ ਹੈ। ਸ਼ਹਿਰ ਬਹੁਤ ਸੁੰਦਰ ਹੈ। ਚੁਫੇਰੇ ਉਚੇ ਉਚੇ ਪਹਾੜ ਤੇ ਹਰੇ ਭਰੇ ਜੰਗਲਾਂ ਦਾ ਦ੍ਰਿਸ਼ ਬਹੁਤ ਹੀ ਮਨ ਮੋਹਕ ਹੈ। ਸ਼ਹਿਰ ਦੀ ਅਬਾਦੀ ਵਿਚ ਨਾਮਧਾਰੀ ਏਸ ਤਰਾਂ ਫਬਦੇ ਹੈਨ ਜਿਵੇਂ ਫ਼ਲਾਂ ਦੀ ਦੁਕਾਨ ਵਿਚ ਸੇਬ। ਏਸ ਤਰਾਂ ਜਾਪਦਾ ਹੈ ਜਿਵੇ ਮੰਡੀ ਦੀ ਸਾਰੀ ਖੂਬਸੂਰਤੀ ਨਾਮਧਾਰੀਆਂ ਕਰਕੇ ਹੀ ਹੈ। ਸਾਰਿਆਂ ਦਾ ਕਾਰੋਬਾਰ ਪੂਰੀ ਤਰਾਂ ਵਿਕਸਤ ਹੈ। ਏਸ ਇਲਾਕੇ ਦੇ ਸਾਰੇ ਪਰਬਤ ਉਤੇ ਹੀ ਨਾਮਧਾਰੀ ਸਿਖਾਂ ਦੀ ਸਿਕਦਾਰੀ ਹੈ। ਏਨ੍ਹਾਂ ਦੇ ਮਕਾਨ ਤੇ ਦੁਕਾਨਾਂ ਬੜੀਆਂ ਖੂਬਸੂਰਤ ਤੇ ਪਰੀ ਪੂਰਨ ਹੈ। ਸੇਵਾ ਭਾਵ ਵੀ ਏਹਨਾਂ ਵਿਚ ਰੱਜ ਕੇ ਹੈ।

ਮੈਂ ਏਥੇ ਇਕ ਵਖਰੀ ਗਲ ਕਰਨ ਲੱਗਾ ਹਾਂ, ਜੋ ਸ਼ਾਇਦ ਮੈਨੂੰ ਨਹੀਂ ਸੀ ਕਰਨੀ ਚਾਹੀਦੀ। ਸ. ਤ੍ਰਿਲੋਕ ਸਿੰਘ ਦਾ ਘਰ। ਜਲ ਪਾਣੀ ਛਕਾਕੇ ਇਹਨਾਂ ਕਿਹਾ ਕਿ ਤੁਸੀਂ ਇਥੇ ਹੀ ਰਹੋਗੇ ਜਾਂ ਕੋਠੀ, ਸਤਿਗੁਰੂ ਜੀ ਕੋਲ ਜਾਣਾ ਹੈ ? ਮੈਂ ਕਿਹਾ-ਇਕ ਵਾਰ ਤਾਂ ਗੁਰੂ ਜੀ ਕੋਲ ਜਾਣਾ ਹੀ ਹੈ। ਫਿਰ ਜਿਵੇਂ ਹੁਕਮ ਕਰਨਾ ਹੋਵੇਗਾ। ਸਤਿਗੁਰੂ ਜੀ ਨੂੰ ਮੱਥਾ ਟੇਕਣ ਪਿਛੋ ਸੰਤ ਤਰਸੇਮ ਸਿੰਘ ਜੀ ਕਿਹਾ—ਪੰਡਿਤ ਰਜੇਂਦ੍ਰ ਸਿੰਘ ਜੀ ਦਾ ਡੇਰਾ ਕਿਥੇ ਲਵੋਂਣਾਂ ਹੈ। ਸਤਿਗੁਰੂ ਜੀ ਹੁਕਮ ਕੀਤਾ—ਉਥੇ ਹੀ, ਸੰਤ ਤ੍ਰਿਲੋਕ ਸਿੰਘ ਦੇ ਘਰ। ਜਦੋਂ ਕਿ ਤ੍ਰਿਲੋਕ ਸਿੰਘ ਉਥੇ ਹਾਜ਼ਰ ਸਨ। ਮੈਂ ਸਮਝ ਗਿਆ ਕਿ ਸਤਿਗੁਰੂ ਜੀ ਦੀ ਇਹਨਾਂ ਦੇ ਸਾਰੇ ਪਰਵਾਰ ਉਤੇ ਅਪਾਰ ਕਿਰਪਾ ਹੈ। ਪੰਡਿਤ ਗੁਪਾਲ ਸਿੰਘ ਜੀ, ਕਵੀ ਜੀ, ਦਲੀਪ ਸਿੰਘ ਜੀ ਅਤੇ ਹੋਰ ਪਤਾ ਨਹੀਂ ਕਿਤਨੇ ਸਰੀਰ ਸਨ ਇਹਨਾਂ ਦੇ ਘਰ। ਸਭ ਭੈਣ ਭਰਾਵਾਂ ਦੀ ਤਰਾਂ ਉਥੇ ਹੀ ਸਮਾ ਗਏ। ਲੰਗਰ ਵੀ ਦਿਨ ਰਾਤ ਉਥੇ ਹੀ ਚਲਦਾ ਰਿਹਾ।

ਸਾਧ ਸੰਗਤ ਵਲੋਂ ਧਰਮਸਾਲਾ ਦਾ ਪ੍ਰਬੰਧ ਬਹੁਤ ਵਧੀਆ ਹੈ। ਦੀਵਾਨ ਹਾਲ ਬਹੁਤ ਖੁਲ੍ਹਾ ਹੈ। ਲੰਗਰ ਦੀ ਅਟੁੱਟ ਤੇ ਅਚੂਕ ਸੇਵਾ ਇਥੇ ਜਾਰੀ ਰਹਿੰਦੀ ਹੈ। ਇਥੋਂ ਦੀ ਸੰਗਤ ਵਿਚ ਕਿਸੇ ਕਿਸਮ ਦੀ ਕੋਈ ਵਖੇਪਤਾ ਨਹੀਂ। ਪ੍ਰਸ਼ਾਦ ਪਾਣੀ ਸਾਰੀ ਸੰਗਤ ਵਾਸਤੇ ਬਣਦਾ ਹੈ, ਜੋ ਬਹੁਤ ਵਧੀਆ ਹੁੰਦਾ ਹੈ। ਮੇਲੇ ਦੇ ਦਿਨਾਂ ਵਿਚ ਸੁਬ੍ਹਾ ਸ਼ਾਮ ਇਥੇ ਧਰਮ-ਸ਼ਾਲਾ ਵਿਚ ਦੀਵਾਨ ਸਜਦੇ ਰਹੇ। ਸਤਿਗੁਰੂ ਜੀ ਨੇ ਮੰਡੀ ਵਾਲਿਆਂ ਤੋਂ ਇਕੋ ਹੀ ਮੰਗ ਮੰਗੀ। ਜੋ ਸਮਾਂ ਦੇ ਸਕਦੇ ਹਨ ਨਾਮਧਾਰੀ ਖਾਸ ਕਰਕੇ ਨੌਜਵਾਨ। ਉਹ ਆਪਣੇ ਨਾਮ


Sri Satguru Jagjit Singh Ji eLibrary NamdhariElibrary@gmail.com

ਲਿਖੌਣ, ਸ੍ਰੀ ਭੈਣੀ ਸਾਹਿਬ ਅਗਲੇ ਸਾਲ ਵਾਸਤੇ"। ਜੱਪ ਪ੍ਰਯੋਗ ਫੇਰ ਜਾਰੀ ਹੈ । ਉਥੇ ਸਾਧ ਸੰਗਤ ਜ਼ਰੂਰ ਦਰਸ਼ਨ ਦੇਵੇ । ਤੇ ਸਾਨੂੰ ਟਾਈਮ ਨੋਟ ਕਰਵਾ ਦੇਵੇ। ਜਿਨੇ ਚਿਰ ਵਾਸਤੇ ਉਥੇ ਕੋਈ, ਜਪ ਪ੍ਰਯੋਗ ਵਿਚ ਹਿੱਸਾ ਲੈਣਾ ਚਾਹੁੰਦਾ ਹੈ।

ਮੋਹਨ, ਹਰਬੰਸ ਤੇ ਸੰਤ ਖਜ਼ਾਨ ਸਿੰਘ ਜੀ ਦਾ ਦੋਹਾਂ ਵੇਲਿਆਂ ਦਾ ਦੀਵਾਨ ਆਸਾ ਦੀ ਵਾਰ ਸਮੇਤ ਬਹੁਤ ਲੁਭਾਵਣਾ ਤੇ ਪਸੰਦੀਦਾ ਕਾਰਯਕ੍ਰਮ ਸੀ। ਉਸ ਤਰ੍ਹਾਂ ਜੇ ਸੱਚ ਪੁਛਿਆ ਤੇ ਸਹੀ ਵੇਖਿਆ ਜਾਵੇ ਤਾਂ, ਰਾਗੀਆਂ ਦਾ ਇਕ ਬਹਾਨਾ ਹੀ ਹੁੰਦਾ ਹੈ; ਚੌਂਕੀ ਸਜੋਣ ਦਾ। ਅਧੋਂ ਬਹੁਤਾ ਦੀਵਾਨ ਤਾਂ ਸ੍ਰੀ ਸਤਿਗੁਰੂ ਜੀ ਆਪ ਹੀ ਲਾ ਲੈਂਦੇ ਹਨ। ਅਤੇ ਦਿਲਰੁਬਾ ਦੀਆਂ, ਤਰਬਾਂ ਉਤੇ ਟੂੰ-ਟੂੰ ਤੂੰ-ਤੂੰ ਵੀ ਖੂਬ ਸੁਜਦੀ ਹੈ ਇਹਨਾਂ ਦੇ ਹੱਥਾਂ ਚੋਂ।

ਪੰਡਿਤ ਗੁਪਾਲ ਸਿੰਘ ਜੀ ਨੂੰ ਤਾਰ ਦੇਕੇ ਸੱਦਿਆ ਗਿਆ ਸੀ ਮੰਡੀ। ਇਹਨਾਂ ਦਾ ਲੈਕਚਰ ਬਹੁਤ ਵਧੀਆ ਸੀ ਜੋ ਕੁਰਾਨ ਸ਼ਰੀਫ ਦੀਆਂ ਆਇਤਾਂ,ਵੇਦ,ਆਦਿ ਗ੍ਰੰਥ ਤੇ ਦਸਮ ਗ੍ਰੰਥ ਵਿਚੋਂ ਪ੍ਰਮਾਣ ਦੇ ਕੇ ਸਤਿਗੁਰੂ ਕ੍ਰਿਪਾ ਉਤੇ ਦਿਤਾ ਗਿਆ ਸੀ। ਇਹਨਾ ਦੇ ਸਾਰੇ ਪ੍ਰਕਣ ਵਿਚੋਂ ਸਿਰਫ ਇਕ ਟੂਕ ਹੀ ਮੈਂ ਦਰਜ ਕਰਦਾ ਹਾਂ :—

ਇਕ ਸਾਧੂ ਸੀ। ਪੁਜਿਆ ਹੋਇਆ, ਪੂਰਨ ਪੁਰਖ ਉਹ ਸੰਸਾਰ ਨੂੰ ਵੇਖਦਾ ਵੇਖਦਾ ਇਕ ਮਹਿਲ ਹੇਠਾ ਜਾ ਖਲੋਤਾ। ਉਤੇ ਬਾਰੀ ਵਿਚ ਇਕ ਬਹੁਤ ਖੂਬਸੂਰਤ ਬੀਬੀ ਜੀ ਪਾਨ ਚਬਾ ਰਹੇ ਸਨ । ਬੀਬੀ ਜੀ ਨੇ ਪਾਨ ਦੀ ਪੀਕ ਸੰਤਾਂ ਦੇ ਸਿਰ ਉਤੇ ਥੁੱਕ ਦਿਤੀ। ਸੰਤ ਫੇਰ ਵੀ ਅਡੋਲ ਉਸਦੇ ਮੂੰਹ ਵਲ ਵੇਂਹਦੇ ਰਹੇ। ਬੀਬੀ ਕਿਹਾ—ਬੁਬਨਿਆਂ ਇਥੋਂ ਜਾਂਦਾ ਹੈਂ ਕਿ ਨਹੀਂ ?

ਸੰਤਾਂ ਕਿਹਾ—ਬੀਬੀ ਮੈਂ ਤੈਨੂੰ ਤਾਂ ਕੁਝ ਨਹੀ ਕਿਹਾ। ਤੂੰ ਮੇਰੇ ਉਤੇ ਥੁੱਕ ਦਿਤਾ ਹੈ; ਮੈਂ ਤਾਂ ਵੀ ਕੁਝ ਨਹੀਂ ਆਖਿਆ।

ਬੀਬੀ ਕਿਹਾ—ਇਥੋਂ ਚਲਾ ਜਾਵੇਂ ਤਾਂ ਚੰਗਾ ਹੈ।



ਸਤਿਗੁਰੂ ਜਗਜੀਤ ਸਿੰਘ ਜੀ ਦੀ ਮੰਡੀ ਅਤੇ ਮੰਡੀ ਦੀ ਸੰਗਤ ਤੇ ਬਹੁਤ ਕਿਰਪਾ ਹੈ। ਇਸ ਸ਼ਹਿਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਣ ਛੋਹ ਪ੍ਰਾਪਤ ਕਰਣ ਦਾ ਬਹੁਤ ਵਾਰ ਅਵਸਰ ਪ੍ਰਾਪਤ ਹੋਇਆ ਹੈ। ਸਾਡੀ ਫਾਈਲ ਦੀ ਇਕ ਪੁਰਾਣੀ ਤਸਵੀਰ ਵਿਚ ਸਤਿਗੁਰੂ ਜੀ ਦਾ ਸੁਆਗਤ ਕਰਦੀ ਮੰਡੀ ਦੀ ਸੰਗਤ ਦਿਖਾਈ ਦੇ ਰਹੀ ਹੈ। ਐਨਕ ਵਾਲੇ ਛੋਟੇ ਭੁਝੰਗੀ ਠਾਕਰ ਉਦੇ ਸਿੰਘ ਜੀ ਹਨ।



Sri Satguru Jagjit Singh Ji eLibrary NamdhariElibrary@gmail.com

ਨਹੀਂ ਤਾਂ ਹੁਣੇ ਖਸਮ ਨੂੰ ਸਦ ਕੇ ਡੰਡਿਆਂ ਨਾਲ ਤੇਰੀ ਭੁਗਤ ਸੁਆਰਦੀ ਹਾਂ।

ਸੰਤਾਂ ਕਿਹਾ—ਬੀਬੀ ਮੈਂ ਹੁਣ ਵੇਖ ਕੇ ਹੀ ਜਾਵਾਂਗਾ ਕਿ ਤੂੰ ਮੇਰੇ ਨਾਲ ਕੀ ਕਰਦੀ ਹੈਂ!

ਬੀਬੀ ਕਿਹਾ—ਤੇਰੀ ਅਹੀ ਤਹੀ!

ਅਜੀ! ਸੁਣਦੇ ਹੋ! ਇਕ ਬਦਮਾਸ਼ ਮੇਰੀ ਵਲ ਵੇਖ ਰਿਹਾ ਹੈ ਤੇ ਕਹਿੰਦਾ ਹੈ ਤੇਰੇ ਖਸਮ ਦਾ ਹੱਥ ਵੇਖ ਕੇ ਹੀ ਜਾਵਾਂਗਾ?

ਖਸਮ ਨੇ ਆ ਵੇਖਿਆ ਨਾ ਤਾ। ਪੌੜੀਆਂ ਤੋਂ ਉਤਰ ਕੇ ਪੰਜ ਸੱਤ ਡੰਡੇ ਟਿਕਾ ਦਿਤੇ। ਸੰਤਾਂ ਵੀ ਆਪਣੇ ਖਸਮ ਨੂੰ ਯਾਦ ਕੀਤਾ। ਬੀਬੀ ਦਾ ਖਸਮ ਸਿਰੇ ਦੀ ਪੌੜੀ ਤੋਂ ਹੇਠਾਂ ਡਿਗ ਤੇ ਸੁਰਗ ਸਿਧਾਰ ਗਿਆ।

ਬੀਬੀ ਭੱਜੀ ਭੱਜੀ ਆਈ ਤੇ ਸੰਤਾਂ ਦੇ ਚਰਨਾਂ ਉਤੇ ਸਿਰ ਰਖਕੇ ਲਗੀ ਮਿਨਤਾਂ ਤਰਲੇ ਕਰਨ।

ਸੰਤਾਂ ਕਿਹਾ—ਬੀਬੀ ਨਾ ਤੂੰ ਮੈਨੂੰ ਕੁਝ ਕਿਹਾ ਹੈ ਤੇ ਨਾ ਮੈਂ ਤੈਨੂੰ, ਕੁਝ ਆਖਿਆ ਹੈ। ਇਹ ਤਾਂ ਤੇਰੇ ਖਸਮ ਤੇ ਮੇਰੇ ਖਸਮ ਵਿਚ ਲੜਾਈ ਹੋਈ ਹੈ। ਮੈਂ ਇਸ ਵਿਚ ਕੀ ਕਰ ਸਕਦਾ ਹਾਂ? ਬੀਬੀ ਰੋਂਦੀ ਧੋਂਦੀ ਹੋਈ ਆਪਣੇ ਚਬਾਰੇ ਵਿਚ ਚਲੀ ਗਈ।

## ਹੁਣ ਵਾਰੀ ਮੇਰੀ ਸੀ।

ਕਈ ਦਿਨਾਂ ਤੋਂ ਇਕ ਸੁਆਲ ਮੇਰੇ ਅੰਦਰ ਘੁੰਮ ਰਿਹਾ ਸੀ ਜੋ ਮੰਡੀ ਜਾ ਕੇ ਅਤੀ ਤੀਵਰ ਹੋ ਗਿਆ। ਮੈਂ ਸੰਗਦੇ-ਸੰਗਦੇ ਗੁਰੂ ਜੀ ਕੋਲ ਬੇਨਤੀ ਕੀਤੀ, ਕਿ ਮੈਂ ਸਾਧ ਸੰਗਤ ਕੋਲ ਇਕ ਅਰਜ਼ ਕਰਨੀ ਹੈ?

ਸਚੇ ਪਾਤਿਸ਼ਾਹ ਕਹਿਣ ਲਗੇ—ਤੈਨੂੰ ਤਾਂ ਬੋਲਣਾ ਨਹੀਂ ਆਉਂਦਾ!

ਮੈਂ ਕਿਹਾ—ਜੀ! ਮੈਂ ਬੋਲਣਾ ਨਹੀਂ! ਸਿਰਫ਼ ਇਕ ਅਰਜ਼ ਕਰਨੀ ਹੈ।

ਸਤਿਗੁਰੂ ਜੀ ਹੱਸ ਪਏ।

ਸਾਧ ਸੰਗਤ ਜੀ! ਅਰਜ਼ ਇਹ ਹੈ ਕਿ ਮੰਡੀ ਦੀ ਸਾਰੀ ਸੰਗਤ ਦਾ ਕਾਰੋਬਾਰ ਤੇ ਪਿਆਰ ਬਹੁਤ ਉਚਾ, ਸੁੱਚਾ ਤੇ ਵਧੀਆ ਹੈ। ਤੁਹਾਡਾ ਇਸ ਇਲਾਕੇ ਵਿਚ ਅਸਰ ਰਸੂਖ ਵੀ ਬਹੁਤ ਹੈ। ਜੇ ਤੁਸੀਂ ਇਕ-ਇਕ ਸਿਖ ਹੋਰ ਬਣਾਓ! ਤਾਂ ਤੁਹਾਡੀ ਤਾਕਤ ਦੂਣੀ ਹੋ ਸਕਦੀ ਹੈ। ਜੇ ਦੋ-ਦੋ, ਤਿੰਨ-ਤਿੰਨ ਜਾਣੇ ਰਲਕੇ ਵੀ ਇਕ ਇਕ ਸਿਖ ਹੋਰ ਬਣਾਓ, ਤਾਂ ਵੀ ਤੁਸੀਂ ਅਜ ਤੋਂ ਵਧ ਤਾਕਤ ਵਾਰ ਬਣ ਸਕਦੇ ਹੋ। ਜ਼ਰੂਰੀ ਨਹੀਂ ਕਿ ਤੁਸੀਂ ਅੰਮ੍ਰਿਤ ਧਾਰੀ ਤੇ ਪੰਜ ਕਕਾਰੀ ਸਿਖ ਹੀ ਬਣੌਣਾ ਹੈ! ਤੁਸੀਂ ਸਹਿਜਧਾਰੀ ਹੀ ਬਣਾਓ! ਫਿਰ ਵੀ ਆਪਾਂ ਫਾਇਦੇ ਵਿਚ ਹੀ ਰਹਾਂਗੇ।

ਇਹ ਫੁਰਨਾ ਮੇਰਾ ਨਹੀਂ ਸਗੋਂ ਮੇਰੇ ਭਾਣਜੇ ਦਾ ਹੈ। ਮੈਂ ਜਲੰਧਰ ਗਿਆ ਹੋਇਆ ਸਾਂ। ਅਵਤਾਰ ਸਿੰਘ ਕਹਿਣ ਲਗਾ—ਮਾਮਾ ਜੀ! ਮੈਂ ਇਥੇ ਡੀ.ਆਈ.ਜੀ ਲੱਗਾ ਹੋਇਆ ਹਾਂ। ਸਾਡੇ ਅਫ਼ਸਰਾਂ ਕੋਲ ਹੋਰ ਡੇਰਿਆਂ ਵਾਲੇ ਤਰਲੇ ਕਰਦੇ ਹੈਨ ਕਿ ਤੁਸੀਂ ਸਾਡੇ ਮਹਾਂ ਪੁਰਸ਼ਾਂ ਦੇ ਆਕੇ ਪ੍ਰਵਚਨ ਸੁਣੋ। ਸਾਡੇ ਡੇਰੇ ਆਕੇ ਜ਼ਰੂਰ ਦਰਸਨ ਦਿਉ। ਪਰ ਸਾਨੂੰ ਅਜ ਤਕ ਕਿਸੇ ਨਾਮਧਾਰੀ ਨੇ ਆਕੇ ਪ੍ਰੇਰਣਾ ਨਹੀਂ ਦਿਤੀ ਕਿ ਤੁਸੀਂ ਭੈਣੀ ਸਾਹਿਬ ਜਾਂ ਸਾਡੇ ਗੁਰਦੁਆਰੇ ਆਕੇ ਜ਼ਰੂਰ ਦਰਸ਼ਨ ਦਿਓ।

ਮੰਡੀ ਦਾ ਵਾਤਾਵਰਣ ਦੇਖਕੇ ਮੈਂ ਤੁਹਾਡੇ ਅਗੇ ਅਰਜ਼ ਕੀਤੀ ਹੈ।

ਇਸ ਅਰਜ਼ ਦਾ ਬਹੁਤ ਵਧੀਆ ਪ੍ਰਭਾਵ ਰਿਹਾ। ਸਾਧ ਸੰਗਤ ਨੇ ਇਸ ਅਰਜ਼ ਨੂੰ ਦਿਲੋਂ ਕਬੂਲ ਕੀਤਾ। ਅਤੇ ਨੰਬਰਦਾਰ ਸ੍ਰ, ਤ੍ਰਿਲੋਕ ਸਿੰਘ ਨੇ ਕਿਹਾ—ਮੈ ਪੰਜ ਆਦਮੀਆਂ ਨੂੰ ਨਾਮਧਾਰੀ ਬਣਾਵਾਂਗਾ। ਇਸ ਅਰਜ਼ ਤੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ।

ਕਵੀ ਜੀ ਨੇ ਵੀ ਦੋ ਮਿੰਟ ਲਈ ਕੁਝ ਅਰਜ਼ ਕੀਤੀ ਸੀ, ਜੋ ਮੇਰੀ ਸਮਝ ਵਿਚ ਨਹੀਂ ਆਈ। ਉਂਜ ਛੱਤੀ ਨਿਆਮਤਾਂ ਦੇ ਦਰਸ਼ਨ ਗੁਰੂ ਦਰਬਾਰ ਵਿਚ ਹੀ ਹੁੰਦੇ ਹੈਨ। ਇਕ ਥਾਲ ਰਾਗੀਆਂ ਦੀ ਭੇਟਾ ਕਰ ਦਿਤਾ; ਮੰਡੀ ਦੇ ਕਿਸੇ ਸ਼ਹਿਜ਼ਾਦੇ ਨੇ। ਮੈਂ ਸਮਝਦਾ ਸਾਂ ਇਸ ਵਿਚ ਮੇਰਾ ਵੀ ਹਿੱਸਾ ਹੈ। ਕਿਉਂਕਿ ਗੌਣ ਵਾਲਿਆਂ ਵਿਚ ਹਰਬੰਸ ਤੇ ਮੋਹਣ ਮੇਰੇ ਹੀ ਸ਼ਾਗਿਰਦ ਹੈਨ। ਸਤਿਗੁਰੂ ਜੀ ਅਜ ਮੋਨ ਅਵਸਥਾ ਵਿਚ ਹੀ ਸਨ। ਮੇਰੀ ਨਿਗਾਹ ਥਾਲ ਵਲ ਗਈ ਤੇ ਸਤਿਗੁਰੂ ਜੀ ਨੇ ਵੀ ਫੌਰਨ ਤਾੜ ਕੇ ਬਾਣੀ ਵਿਚ ਹੀ ਕਿਹਾ "ਥਾਲ ਵਿਚਿ ਤਿੰਨਿ ਵਸਤੂ ਪਈਓ। ਮੈਂ ਵੀ ਹਾਂ ਵਿਚ ਹਾਂ ਮਿਲਾਦਿਆਂ ਕਿਹਾ—ਠੀਕ ਹੈ ਜੀ! ਤਿੰਨ ਹੀ ਹੈਨ—ਲੈਚੀਆਂ ਮਿਸ਼ਰੀ ਤੇ ਬਾਦਾਮ। ਕਵੀ ਜੀ ਨੂੰ ਤਾਂ ਗੁੜ ਦੀ ਲਲਕ ਹੈ, ਰੋਟੀ ਪਿਛੋਂ ਖਾਣ ਦੀ। ਮੈਂ ਤਾਂ ਮਿਸ਼ਰੀ ਨਾਲ ਹੀ ਸਾਰ ਲੈਂਦਾ ਹਾਂ। ਜ਼ੇਬ ਅਜ ਖਾਲੀ ਸੀ। ਸਿਰਫ ਲੈਚੀਆਂ ਤੇ ਮਿਸਰੀ ਦੀ ਹੀ ਲੱਪ ਮੈ ਭਰ ਲਈ।

## ਭੂੰਤਰ

ਠੀਕ ਅੱਠ ਵਜੇ ਕੂਚ ਦਾ ਨਾਗਾਰਾ ਵਜ ਗਿਆ। ਸਤਿਗੁਰੂ ਜੀ ਟਾਈਮ ਦੇ ਸਖਤ ਪਾਬੰਦ ਹੈਨ। ਸੱਤ ਅਠ ਕਾਰਾਂ ਦਾ ਕਾਫਲਾ ਬਿਆਸਾ ਦੇ ਕਿਨਾਰੇ ਕਿਨਾਰੇ ਰਵਾਨਾ ਹੋ ਗਿਆ। ਦਰਿਆ ਅਸਲੋਂ ਖਾਲੀ ਖਾਲੀ ਦਿਸ ਰਿਹਾ ਸੀ। ਕਿਉਂਕਿ ਮੰਡੀ ਤੋਂ ੧੦-੧੨ ਮੀਲ ਦੀ ਵਿਥ ਉਤੇ-ਪੰਡੋਹ ਦੇ ਮੁਕਾਮ ਤੇ "ਭਾਖੜਾ" ਨੇ ਇਸ ਦੇ ਪਾਣੀ ਉਤੇ ਡਾਕਾ ਮਾਰ ਲਿਆ ਹੈ। ਸ਼ੁਰੂ ਵਿਚ ਤਾਂ ਛੋਟੀ ਜੇਹੀ ਪਾਣੀ ਦੀ



Sri Satguru Jagjit Singh Ji eLibrary NamdhariElibrary@gmail.com

ਲੀਕ ਅਤੇ ਬਾਕੀ ਗੱਲ ਮਟੱਲ ਪੱਥਰ ਹੀ ਪੱਥਰ। ਦੂਹਰੀ ਸੜਕ, ਸ਼ਾਨਦਾਰ ਨਜ਼ਾਰੇ। ਵਧੀਆ ਛੋਟੀਆਂ ਛੋਟੀਆਂ ਵਾਦੀਆਂ ਤੇ ਨਿਕੇ ਨਿਕੇ ਬਾਗ ਬਗੀਚੇ। ਅਗਲੀ ਕਾਰ ਉਤੇ ਪੁਲੀਸ ਦਾ ਦਸਤਾ, ਜੋ ਸੜਕ ਵੇਹਲੀ ਕਰਦਾ ਜਾ ਰਿਹਾ ਸੀ। ਪਿਛੇ ਸਤਿਗੁਰੂ ਜੀ ਦੀ ਕਾਰ ਤੇ ਉਸ ਤੋਂ ਪਿਛੇ ਬਾਕੀ ਕਾਰਾਂ ਵਿਚ ਸਾਧ ਸੰਗਤ।

ਭੋਂਤਰ ਦੀ ਛੋਟੀ ਜੇਹੀ ਵਧੀਆ ਅਬਾਦੀ ਹੈ ਜਿਥੇ ਨਾਮਧਾਰੀਆਂ ਦੇ ਦੋ ਤਿੰਨ ਘਰ ਹੀ ਹੈਨ। ਹਾਂ ਵਿਸ਼ੇਸ਼ਤਾ ਇਸ ਦੀ ਇਸ ਵਾਸਤੇ ਹੈ ਕਿ ਇਥੇ ਛੋਟੇ ਜਹਾਜ਼ਾਂ ਵਾਸਤੇ ਕੁਲੂ ਦਾ ਹਵਾਈ ਅੱਡਾ ਹੈ। ਇਸ ਛੋਟੇ ਜਿਹੇ ਸ਼ਹਿਰ ਉਤੇ ਸੇਠ ਭਜਨੀਕ ਸਿੰਘ ਮੰਡੀ ਵਾਲਿਆਂ ਦਾ ਹੀ ਕਬਜ਼ਾ ਹੈ ਅਤੇ ਇਥੇ ਹੀ ਸਾਧ ਸੰਗਤ ਅਤੇ ਸਤਿਗੁਰੂ ਜੀ ਦਾ ਆਸਣ ਸੀ।

ਅਸਲ ਵਿਚ ਚਾਚਾ ਚੰਡੀਗੜੀਏ ਨੇ ਚੰਡੀਗੜ੍ਹ ਤੋਂ ਇਥੇ ਗੁਰੂ ਜੀ ਦੇ ਦਰਸ਼ਨ ਕਰਨ ਔਣਾ ਸੀ। ਜ਼ਹਾਜ਼ ਲੇਟ ਸੀ। ਪ੍ਰਸਾਦ ਪਾਣੀ ਛਕਣ ਤੋਂ ਪਿਛੋਂ ਸਤਿਗੁਰੂ ਜੀ ਨੇ ਬਦਾਮਾਂ ਦਾ ਬਾਗ ਵੇਖਣ ਦੀ ਇਛਿਆ ਜ਼ਾਹਰ ਕੀਤੀ। ਬਾਗ ਕਿਸੇ ਫੌਜੀ ਅਫਸਰ ਦਾ ਸੀ ਚੌਦਾਂ ਕਨਾਲ। ਜਿਸ ਦੀ ਕਟਾਈ ਚਾਲੂ ਸੀ। ਸਤਿਗੁਰੂ ਜੀ ਦਾ ਬੜੇ ਹਾਰਦਿਕ ਢੰਗ ਨਾਲ ਉਸਨੇ ਇਸਤਕਬਾਲ ਕੀਤਾ। ਬਾਦਾਮ ਦੇ ਕੱਲੇ ਕੱਲੇ ਬੂਟੇ ਦੀ ਖਾਸੀਅਤ ਦੱਸੀ। ਪੱਕੇ ਹੋਏ ਬਾਦਾਮ ਵੀ ਉਸਨੇ ਸਤਿਗੁਰੂ ਜੀ ਅਤੇ ਸੰਗਤ ਨੂੰ ਛਕਾਏ। ਪਸ਼ੌਰੀ ਬਾਦਾਮ ਦੋ-ਦੋ ਗਿਰੀਆਂ ਵਾਲੇ। ਕਾਗਜ਼ੀ ਬਾਦਾਮ, ਅਸਲੋਂ ਹੱਥਾਂ ਨਾਲ ਛਿਲ ਲੱਥਦੀ ਸੀ। ਸੁਆਦ ਤਾਂ ਬਹੁਤ ਸੀ। ਪਰ ਮਿਲੇ ਹਿੱਸੇ ਬਹਿੰਦੇ ਹੀ। ਪਹਾੜੀ ਸਰਦਾਰ—ਜੋ ਗੁਰੂ ਜੀ ਦਾ ਅਨਿੰਨ ਪ੍ਰੇਮੀ ਸੀ। ਸਤਿਗੁਰੂ ਜੀ ਨੇ ਉਸਦਾ ਪ੍ਰੇਮ ਵੇਖ ਕੇ—ਸੂਬਾ ਰੇਸ਼ਮ ਸਿੰਘ ਜੀ ਨੂੰ ਹੁਕਮ ਕੀਤਾ—ਇਹਨਾਂ ਨੂੰ ਭਜਨ ਦਸ ਦਿਉ। ਬੂਟ ਲਾਹਕੇ ਬੜੇ ਪ੍ਰੇਮ ਨਾਲ ਉਸਨੇ ਕੰਨਾਂ ਵਿਚ ਸੁਣਿਆ। ਬਾਦਾਮੀ ਬਾਗ ਦਾ ਇਹ ਸੀਨ ਬੜਾ ਹੀ ਸੁਹਾਂਵਣਾ ਸੀ। ਇਸ ਸਾਰੇ ਸੀਨ ਨੂੰ ਸੰਤ ਗੁਰਮੁਖ ਸਿੰਘ ਜੀ ਨੇ ਕੈਮਰਾ ਬੰਦ ਕਰ ਲਿਆ। ਪਰ ਚਾਚਾ ਚੰਡੀਗੜੀਆਂ ਅਜੇ ਅਜੇ ਵੀ ਨਹੀਂ ਸੀ ਆਇਆ। ਇਹਨਾਂ ਦਾ ਪੂਰਾ ਨਾਮ ਸ੍ਰ: ਗੁਰਨਾਮ ਸਿੰਘ ਤੀਰ ਹੈ। ਦੋ ਵਜੇ ਦੇ ਕਰੀਬ ਤੀਰ ਜੀ ਵੀ ਪਹੁੰਚ ਗਏ। ਅਤੇ ਔਣ ਸਾਰ ਹੀ ਹਾਸਾ ਖਿਲਾਰ ਦਿਤਾ।

ਇਥੋਂ ਦਾ ਸਾਰਾ ਵਿਵਰਣ ਤਾਂ ਲਿਖਿਆ ਨਹੀਂ ਜਾ ਸਕਦਾ। ਸੰਖੇਪ ਵਿਚ, ਤੀਰ ਜੀ ਦੇ ਔਣ ਤੋਂ ਪਹਿਲਾਂ ਸਤਿਗੁਰੂ ਜੀ, ਸੰਤ ਦਲੀਪ ਸਿੰਘ, ਜਸਵਿੰਦਰ ਸਿੰਘ, ਕਵੀ ਜੀ, ਪੰਡਿਤ ਗੋਪਾਲ ਸਿੰਘ ਜੀ, ਰਜਿੰਦਰ ਸਿੰਘ—ਲੇਖਕ—ਸੰਤ ਤਰਸੇਮ ਸਿੰਘ ਜੀ ਤੇ ਗੁਰਮੁਖ ਸਿੰਘ ਆਦਿ: ਕੋਠੀ ਉਤੇ ਧੁੱਪ ਸੇਕ ਰਹੇ ਸਾਂ।

ਸਤਿਗੁਰੂ ਜਗਜੀਤ ਸਿੰਘ ਜੀ ਹਮੇਸ਼ਾ ਖੁਸ਼ ਹੀ ਨਜ਼ਰ ਔਂਦੇ ਹੈਨ। ਗੁੱਸਾ ਤਾਂ ਇਹਨਾਂ ਨੇ ਵੱਸ ਵਿਚ ਕਰ ਰਖਿਆ ਹੈ! ਹਾਂ ਸੋਮਵਾਰ ਵਾਲੇ ਦਿਨ ਜਦੋਂ ਮੋਨਵਰਤ ਰਖਿਆ ਹੁੰਦਾ ਹੈ—ਜ਼ਰੂਰ ਗੁੱਸੇ ਹੋਏ ਨਜ਼ਰ ਔਂਦੇ ਹੈਨ। ਜ਼ਰੂਰੀ ਫ਼ਰਮਾਨ ਜਾਂ ਅਰਜ਼ਾਂ ਦੇ ਜੁਆਬ ਲਿਖਕੇ ਹੀ ਦਿੰਦੇ ਹੈਨ।

ਇਹ ਸਾਡੇ ਵਸ ਦਾ ਰੋਗ ਨਹੀਂ। ਜਦੋਂ ਗੁਰੂ ਜੀ ਦੇ ਕੋਲ ਇਕਠੇ ਹੋਈਦਾ ਹੈ, ਤਾਂ ਪੁਰਾਣੀਆਂ ਬਹੁਤ ਪੁਰਾਣੀਆਂ ਛੋਟੇ ਹੁੰਦਿਆਂ ਦੀਆਂ, ਨਿਕੀਆਂ ਨਿਕੀਆਂ ਯਾਦਾਂ ਆਕੇ, ਪੂਰੀ ਤਰਾਂ ਹਾਸੇ ਠੱਠੇ ਦਾ ਵਾਤਾਵਰਣ ਬਣਾ ਦਿੰਦੀਆਂ ਹੈਨ। ਸਤਿਗੁਰੂ ਜੀ ਨੂੰ ਨਿਕੀਆਂ ਨਿਕੀਆਂ, ਛੋਟੇ ਹੁੰਦਿਆ ਦੀਆਂ ਗਲਾਂ; ਜਦੋਂ ਅਸੀਂ ਸਕੂਲੇ ਪੜ੍ਹਦੇ ਹੁੰਦੇ ਸਾਂ, ਭੈਣੀ ਸਾਹਿਬ ਬਹੁਤ ਯਾਦ ਹੈਨ। ਮੇਰੀ ਇਕ ਗਲ ਉਹਨਾਂ ਨੂੰ ਬਹੁਤ ਪਸੰਦ ਹੈ, ਉਸ ਵੇਲੇ ਦੀ। ਜਦੋਂ ਮੈਨੂੰ ਠਿੱਠ ਕਰਨਾ ਹੋਵੇ, ਉਹ ਜ਼ਰੂਰ ਸੁਣੌਂਦੇ ਹੈਨ ਸ਼ੁਰੂ ਇਸ ਤਰਾਂ ਕੀਤਾ:—

ਅਸੀਂ ਛੋਟੇ ਛੋਟੇ ਹੁੰਦੇ ਸਾਂ। ਰਜਿੰਦਰ ਦੇ ਗੋਡੇ ਉਤੇ ਪੱਟੀ ਬੱਣੀ ਹੋਈ ਸੀ ਤੇ ਲੰਙਾਂ ਲੰਙਾਂ ਸੋਟੀ ਨਾਲ ਤੁਰ ਰਿਹਾ ਸੀ। ਮੈਂ ਤੇ ਵਲਭ ਜੀ ਨੇ ਪੁਛਿਆ ਕੀ ਗੱਲ! ਕੀ ਹੋਇਆ ਹੈ ਤੈਨੂੰ?

ਇਹ ਕਹਿਣ ਲਗਾ ਜੀ! ਅਜ ਤਾਂ ਮੈਂ ਮਸਾਂ ਬਚਿਆਂ ਹਾਂ। ਸਕੂਲ ਦੀ ਉਤਲੀ ਛਤ ਤੋਂ ਡਿਗਿਆ ਹਾਂ। ਸਤਿਗੁਰਾਂ ਦੀ ਕਿਰਪਾ ਨਾਲ ਬਚਿਆ ਹਾਂ। ਸਿਰਫ ਗੋਡੇ ਉਤੇ ਹੀ ਸੱਟ ਵਜਕੇ ਝਿੱਲੀ ਉਧੜ ਗਈ ਹੈ।

ਇਹ ਕਹਾਣੀ ਸੁਣਕੇ ਮਨ ਹੀ ਮਨ ਅਸੀਂ ਗੁਰੂ ਜੀ ਦਾ ਧੰਨਵਾਦ ਕੀਤਾ। ਅਤੇ ਇਹ ਗਲ ਜੋ ਬਹੁਤ ਹੈਰਾਨੀ ਵਾਲੀ ਸੀ; ਕਈਆਂ ਨੂੰ ਦਸੀ। ਚਾਰ ਪੰਜ ਦਿਨਾਂ ਪਿਛੋਂ ਇਹ ਗਲ ਅਸੀਂ ਫੇਰ ਕੀਤੀ। ਕੋਲ ਹੀ ਦਲੀਪ ਸਿੰਘ ਰਮਦਾਸੀਆ ਖਲੋਤਾ ਸੀ; ਕਹਿਣ ਲਗਾ ਜੀ! ਇਹ ਸਭ ਝੂਠ ਹੈ। ਮੇਰੇ ਸਾਹਮਣੇ ਬੜੇ ਤੋਂ ਤਿਲਕ ਕੇ ਡਿੱਗਾ ਹੈ।

ਇਸ ਤਰ੍ਹਾਂ ਸਾਨੂੰ ਕਈ ਦਿਨ ਇਸ ਨੇ ਗੱਪਮਾਰ ਕੇ ਸ਼ਸ਼ੋ ਪੰਜ ਵਿਚ ਪਾਈ ਰਖਿਆ। ਸਾਧ ਸੰਗਤ ਤੇ ਸਾਥੀ ਮੇਰੇ ਵਲ ਵੇਖਕੇ ਹੱਸਣ ਲਗ ਪਏ। ਗੱਲ ਜੋ ਸਤਿਗੁਰਾਂ ਦੀ ਉਹ ਹਰਫ ਬਹਰਫ ਦਰੁਸਤ ਸੀ। ਪਰ......"ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ"

ਅਜ ਸਾਇੰਸ ਦਾ ਯੁਗ ਹੈ। ਰੂਸ ਨੇ ਅਜੇਹੇ ਮਿਜ਼ਾਇਲ ਤਿਆਰ ਕਰ ਲਏ ਹਨ ਜੋ ਹਜ਼ਾਰਾਂ ਮੀਲ ਦੂਰ ਅਮਰੀਕਾ ਦੇ ਜੰਗੀ ਠਿਕਾਣਿਆਂ ਉਤੇ ਅੱਖ ਦੇ ਫੋਰ ਵਿਚ ਸਹੀ ਮਾਰ ਕਰਕੇ ਸਾਰੇ ਠਿਕਾਣੇ ਮਿੰਟਾਂ ਵਿਚ ਹੀ ਤਬਾਹ ਕਰ ਸਕਦੇ ਹਨ!


Sri Satguru Jagjit Singh Ji eLibrary NamdhariElibrary@gmail.com

ਇਸਦੇ ਜੁਆਬ ਵਿਚ ਅਮਰੀਕਾ ਨੇ ਸਟਾਰਵਾਰ ਪ੍ਰੋਗਰਾਮ ਚਾਲੂ ਕਰ ਦਿਤਾ ਹੈ ਜਿਸਦਾ ਮਕਸਦ ਇਹਨਾਂ ਮਿਜ਼ਾਈਲਾਂ ਨੂੰ ਰੂਸ ਦੇ ਇਲਾਕੇ ਵਿਚ ਹੀ ਧ੍ਵਸਤ ਕਰ ਦੇਣਾ ਹੈ। ਅੱਜ ਦੀ ਸਾਇੰਸ ਤੋਂ ਮੈਂ ਵੀ ਤਾਂ ਕੁਝ ਸਿਖਿਆ ਹੈ। ਗੁਰੂ ਜੀ ਦੀ ਉਸ ਗੱਲ ਦਾ ਜੁਆਬ ਦੇਣ ਦੀ ਵਾਰੀ ਹੁਣ ਮੇਰੀ ਸੀ।

ਗੁਰੂ ਜੀ ਅਤੇ ਸਾਧ ਸੰਗਤ ਨੂੰ ਮੁਖ਼ਾਤਬ ਕਰਕੇ ਮੈਂ ਕਿਹਾ—ਸਚੇ ਪਾਤਸ਼ਾਹ ਮੇਰੇ ਦਾਦਾ ਸਹੁਰੇ, ਸ: ਭਾਨ ਸਿੰਘ ਜੀ ਨੇ ਆਪਣੇ ਪੋਤਰੇ ਨੂੰ ਕਿਹਾ।

"ਗੁਰਚਰਨ! ਜਾਹ ਕਿਸੇ ਦੇ ਰੇਡੀਓ ਤੋਂ ਘੜੀ ਮਿਲਾ ਲਿਆ। ਪਾਣੀ ਵਢਣ ਦਾ ਟਾਈਮ ਹੋਣ ਵਾਲਾ ਹੈ।

ਗੁਰਚਰਨ ਨੇ ਕਿਹਾ—ਬਾਬਾ ਜੀ! ਮੈਂ ਘੜੀ ਮਿਲਾ ਲਿਆਇਆ ਹਾਂ, ਫੱਲੇ ਦੇ ਰੇਡੀਓ ਨਾਲ?

ਬਾਬੇ ਨੇ ਕਿਹਾ—ਧੀ ਵਾਲਿਆ! ਕਦੇ ਚੂੜ੍ਹਿਆਂ ਦੇ ਰੇਡੀਓ ਵੀ ਸਹੀ ਹੋਏ ਨੇ? ਜਾਹ ਕਿਸੇ ਜੱਟ ਦੇ ਰੇਡੀਓ ਨਾਲ ਮਿਲਾ ਕੇ ਲਿਆ।

ਮੈਂ ਕਿਹਾ ਜੀ! ਜੱਟ ਤਾਂ ਹੋ ਗਿਆ ਝੂਠਾ ਤੇ ਚਮਿਆਰ ਹੋ ਗਿਆ ਸੱਚਾ।

ਮੇਰਾ ਲਤੀਫਾ ਸੁਣਕੇ ਪੰਡਿਤ ਗੁਪਾਲ ਸਿੰਘ ਜੀ ਤਾਂ ਹੱਸਦੇ ਹੱਸਦੇ ਲੋਟ ਪੋਟ ਹੋ ਗਏ। ਬਾਕੀ ਸੰਗਤ ਵੀ ਹੱਸ ਹੱਸ ਕੇ ਦੂਹਰੀ ਹੋ ਗਈ। ਸਤਿਗੁਰੂ ਜੀ ਖਾਮੋਸ਼ ਹੋ ਗਏ। ਕਹਿਣ ਲਗੇ ਹੁਣ ਤਕ ਤਾਂ ਮੇਰੀ ਗਲ ਨੂੰ ਇਹ ਠੀਕ ਮੰਨਦਾ ਰਿਹਾ ਹੈ ਤੇ ਅਜ ਨਵਾਂ ਲਤੀਫਾ ਘੜ ਮਾਰਿਆ ਹੈ।

ਮੈਂ ਦੋਬਾਰਾ ਫੇਰ ਅਰਜ਼ ਕੀਤੀ—ਸਚੇ ਪਾਤਸ਼ਾਹ ਤੁਹਾਨੂੰ ਤਾਂ ਮੁੱਢ ਤੋਂ ਹੀ ਚੂੜੇ ਚਮਿਆਰਾਂ ਤੇ ਨਾਈਆਂ ਜੁਲਾਹਿਆਂ ਦੀਆਂ ਗੱਲਾਂ ਨੂੰ ਸਚੀ ਮੰਨਣ ਦੀ ਬਾਣ ਹੈ। ਕਬੀਰ, ਫਰੀਦ, ਰਵੀਦਾਸ, ਬਾਲਮੀਕ, ਸਾਰੇ ਹੀ ਤੁਹਾਡੇ ਅਨਿਨ ਭਗਤ ਹਨ। ਸਾਡਾ ਇਕ, ਧੰਨਾ ਜੱਟ ਸੀ, ਜਿਸ ਨੇ ਆਰਤੀ ਦੀ ਜਗ੍ਹਾ ਆਰਤਾ ਉਚਾਰਿਆ। ਪੰਡਿਤ ਗੋਪਾਲ ਸਿੰਘ ਜੀ ਨੇ ਏਸ ਨੂੰ ਵੀ ਕਹਿ ਦਿਤਾ।

"ਆਰਤੀ ਦੀ ਥਾਂ, ਆਰਤਾ ਉਚਾਰਨ ਵਾਲੀ ਗੱਲ ਅਸਲੋਂ ਗਲਤ ਹੈ। ਧੰਨੇ ਨੇ ਤਾਂ ਦੁਖੀ ਹੋ ਕੇ—ਆਰਤ ਨਾਦ ਕੀਤਾ ਹੈ—ਹੇ ਰੱਬ ਜੀ! ਮੈਂ ਭੁਖਾ ਮਰ ਰਿਹਾ ਹਾਂ। ਮੈਨੂੰ ਵਧੀਆ ਕਣਕ, ਝਾਂਜਰਾਂ ਵਾਲੀ ਬੋਤੀ, ਵਧੀਆ ਜੁੱਤੀ ਤੇ ਬਹੁਤ ਸੋਹਣੀ ਘਰ ਵਾਲੀ ਦੇਹ, ਏਸ ਵਿਚ ਆਰਤੀ ਵਾਲੀ ਕੇਹੜੀ ਗੱਲ ਹੈ?

ਪੰਡਿਤ ਜੀ ਨੇ ਤਾਂ ਅਜ ਮਾੜਾ ਮੋਟਾ ਜਿਹੜਾ ਆਸਰਾ ਸੀ—ਸਾਨੂੰ ਧੰਨੇ ਜੱਟ ਦਾ, ਉਹ ਵੀ ਖਤਮ ਕਰ ਦਿਤਾ ਹੈ!

ਮੇਰੀ ਇਸ ਵਿਆਖਿਆ ਤੋਂ ਸਤਿਗੁਰੂ ਜੀ ਵੀ ਬਹੁਤ ਹੱਸੇ, ਏਸ ਤਰ੍ਹਾਂ ਸਾਰਾ ਵਾਤਾਵਰਣ ਹੀ ਅਧਾਂ ਘੰਟਾ ਰਸ ਰੰਗ ਵਿਚ ਬੀਤ ਗਿਆ। ਤੇ ਚਾਚਾ ਚੰਡੀਗੜ੍ਹੀਆਂ ਵੀ ਹੁਣ ਆਣ ਹਾਜ਼ਰ ਹੋਇਆ।

ਗੁਰੂ ਜੀ ਦੀ ਹਾਜ਼ਰੀ ਵਿਚ ਸਾਨੂੰ ਸਾਰਿਆਂ ਨੂੰ ਮੁਖ਼ਾਤਿਬ ਕਰਕੇ—ਚਾਚੇ ਨੇ ਆਖਿਆ—"ਮੈਂ ਹਾਸ ਵਿਅੰਗ ਦੀ ਬਹੁਤ ਵੱਡੀ ਪੁਸਤਕ ਲਿਖ ਰਿਹਾ ਹਾਂ। ਇਸ ਦੀ ਤਿਆਰੀ ਉਤੇ ਮੇਰੇ ਪੂਰੇ ਪੰਜਾਹ ਸਾਲ ਲਗੇ ਹਨ। ਹੁਣ ਆਖਰੀ ਪੰਨੇ ਪੂਰੇ ਕਰਨੇ ਹਨ, ਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਉਤੇ। ਨਾਮਧਾਰੀ ਇਤਿਹਾਸ ਵਿਚੋਂ ਤੇ ਸਤਿਗੁਰੂਆਂ ਦੇ ਜੀਵਨ ਵਿਚੋਂ ਮੈਨੂੰ ਹਾਸ-ਵਿਅੰਗ ਭਾਲ ਕੇ ਮੇਰੀ ਝੋਲੀ ਭਰ ਦਿਓ। ਤੁਹਾਡੇ ਅਗੇ ਮੇਰੀ ਏਹੋ ਪ੍ਰਾਰਥਨਾ ਹੈ। ਪਹਿਲਾਂ ਮੈਂ ਦੁਨੀਆ ਦੇ ਸਾਰੇ ਮਹਾਂ ਪੁਰਸ਼ਾਂ ਦੇ ਜੀਵਨ ਫਲਸਫੇ ਫੋਲ ਕੇ, ਹਾਸ ਵਿਅੰਗ ਦੇ ਸੈਂਕੜੇ ਸਫੇ ਮੁਕੰਮਲ ਕਰ ਦਿਤੇ ਹਨ। ਹੁਣ ਮੈਨੂੰ ਤੁਹਾਡੀ ਮਦਦ ਦੀ ਲੋੜ ਹੈ।"

ਮੇਰੀ ਤਾਂ ਉਸੇ ਵੇਲੇ ਤੋਂ ਨਬਜ਼ ਤੇਜ਼ ਹੋ ਰਹੀ ਹੈ। ਏਹ ਕਿੰਨੇ ਕੁਵੇਲੇ ਤੀਰ ਜੀ ਨੇ ਸਾਨੂੰ ਇਮਤਿਹਾਨ ਵਿਚ ਪਾ ਦਿਤਾ ਹੈ। ਅਜ ਨਾ ਤਾਂ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਸਾਡੇ ਵਿਚ ਹੈਨ ਜੋ ਹਾਸਰਸ ਦੇ ਬਾਦਸ਼ਾਹ ਸਨ। ਅਤੇ ਸਤਿਗੁਰੂ ਜੀ ਦਾ ਸਾਰਾ ਜੀਵਨ ਜ਼ਬਾਨੀ ਯਾਦ ਸੀ। ਅਤੇ ਨਾ ਸੰਤ ਨਿਧਾਨ ਸਿੰਘ ਜੀ ਆਲਮ ਤੇ ਨਾ ਹੀ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ ਆਦਿ। ਔਖਾ ਸਤਿਗੁਰੂ ਆਪ ਹੀ ਮੋਰਚਾ ਫਤੇ ਕਰਨ ਵਾਲੇ ਹੈਨ!

ਕੋਠੇ ਉਤੇ ਲੇਖਕ ਪਾਰਟੀ ਤੇ ਤੀਰ ਜੀ ਖਲੋਤੇ ਸਨ। ਨਾਮਧਾਰੀ ਲੀਡਰਾਂ ਦੇ ਹਾਸ ਵਿਅੰਗ ਦੀ ਚਰਚਾ ਸ਼ੁਰੂ ਸੀ। ਗੱਲ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤੇ ਉਤੇ ਹੋ ਰਹੀ ਸੀ। ਤੀਰ ਜੀ ਕਹਿਣ ਲਗੇ, ਇਕ ਗਲ ਉਹਨਾਂ ਦੀ ਮੈਨੂੰ ਵੀ ਯਾਦ ਹੈ। ਗੱਲ ਲਾਹੌਰ ਭਾਟੀ ਦਰਵਾਜ਼ੇ ਦੀ ਹੈ। ਸਿਖਾਂ ਤੇ ਮੁਸਲਮਾਨਾਂ ਦੀ ਕਸ਼ਮਕਸ਼ ਜ਼ੋਰਾਂ ਤੇ ਸੀ। ਸੰਤ ਮੰਗਲ ਸਿੰਘ ਜੀ ਮੁਸਲਮਾਨਾਂ ਦੇ ਇਕ ਭਾਰੀ ਜਲੂਸ ਨੂੰ ਸੰਬੋਧਨ ਕਰ ਰਹੇ ਸਨ:—

ਗੁਰੂ ਨਾਨਕ ਦੇਵ ਜੀ ਮੁਹੰਮਦ ਸਾਹਿਬ ਦੇ ਜੀਵਨ ਦਰਸ਼ਨ ਤੋਂ ਬਹੁਤ ਹੀ ਪ੍ਰਭਾਵਤ ਹੋਏ ਸਨ। ਉਹ ਚਾਹੁੰਦੇ ਸਨ—ਮੱਕਾ ਸ਼ਰੀਫ ਜਾ ਕੇ, ਮੁਸਲਿਮ ਤਾਲੀਮ ਹਾਸਲ ਕਰਕੇ ਮੋਮਨ ਬਣਿਆ ਜਾਵੇ। ਏਸ ਗਲ ਦੀ ਗਵਾਹੀ ਭਾਈ ਗੁਰਦਾਸ ਨੇ ਵੀ ਵਾਰਾਂ ਭਾਈ ਗੁਰਦਾਸ ਜੀ ਵਿਚ ਦਿਤੀ ਹੈ।

ਬਾਬਾ ਫਿਰਿ ਮਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ


Sri Satguru Jagjit Singh Ji eLibrary NamdhariElibrary@gmail.com

ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮੁਸਲਾ ਧਾਰੀ।

ਏਸ ਤਰ੍ਹਾਂ ਮਕਾ ਸ਼ਰੀਫ਼ ਜਾ ਕੇ, ਗੁਰੂ ਨਾਨਕ ਦੇਵ ਜੀ ਨੇ ਸ਼ਰਹ ਮੁਹੰਮਦੀ ਵਿਚ ਪ੍ਰਵੇਸ਼ ਕੀਤਾ ਅਤੇ ਪੱਕੇ ਮੁਸਲਮਾਨ ਬਣ ਗਏ।

ਏਸ ਲੈਕਚਰ ਦੌਰਾਨ ਮੁਸਲਮਾਨਾਂ ਜ਼ੋਰ ਸ਼ੋਰ ਨਾਲ ਨਾਹਰੇ ਲਾਉਣੇ ਸ਼ੁਰੂ ਕਰ ਦਿਤੇ।

ਯਾ ਅੈਲੀ ! ਅੱਲਾਹੂ ਅਕਬਰ
ਨਾਨਕ ਪੀਰ ! ਸਾਡਾ ਪੀਰ
ਨਾਨਕ ਪੀਰ ਦਸਤਗੀਰ !

ਬਾਹਰ ਖਾਲਸਿਆਂ ਦਾ ਭਾਰੀ ਇਕੱਠ, ਏਹ ਸਭ ਕੁਝ ਲਾਉਡ ਸਪੀਕਰ ਤੇ ਸੁਣ ਰਿਹਾ ਸੀ। ਸਿੰਘ ਬੜੇ ਜੋਸ਼ ਵਿਚ ਆਏ ਹੋਏ ਸਨ। ਕਹਿੰਦੇ ਸਨ ਸੰਤ ਨੂੰ ਬਾਹਰ ਆ ਲੈਣ ਦਿਓ, ਲੈਂਦੇ ਹਾਂ ਉਸਦੀ ਖ਼ਬਰ।

ਏਨੇ ਨੂੰ ਸੰਤ ਹੱਸਦੇ ਹੱਸਦੇ ਜਲੂਸ ਤੋਂ ਬਾਹਰ ਆ ਗਏ। ਅਗੋਂ ਸਿਖ ਸੰਗਤਾਂ ਨੇ ਘੇਰਾ ਪਾ ਕੇ ਆਖਿਆ।

ਸੰਤ ਜੀ ! ਮੁਸਲਮਾਨਾਂ ਦੇ ਜਲੂਸ ਵਿਚ ਕੀ ਜਬ੍ਹਾਂ ਮਾਰਦੇ ਆਏ ਹੋ ?

ਸੰਤਾਂ ਕਿਹਾ—ਮੁਸਲਮਾਨਾਂ ਨੇ ਮੈਨੂੰ ਵੀਹ ਰੁਪਏ ਦਿਤੇ ਸਨ। ਮੈਂ ਗੁਰੂ ਨਾਨਕ ਜੀ ਨੂੰ ਮੁਸਲਮਾਨ ਬਣਾ ਦਿਤਾ ! ਤੁਸੀਂ ਪੰਝੀ ਰੁਪਏ ਦਿਓ, ਹੁਣੇ ਮੁਹੰਮਦ ਸਾਹਿਬ ਨੂੰ ਕਛਹਿਰਾ ਪੁਆ ਦਿਆਂਗਾ !!

ਸਾਰੇ ਲੋਟ ਪੋਟ ਹੁੰਦੇ ਖਿਲਰ ਗਏ।

[ਨੋਟ—ਉਸ ਵੇਲੇ ਇਕ ਰੁਪੈਆ, ਅਜ ਦੇ ਪੰਜਾਹ ਰੁਪਏ ਦੇ ਬਰਾਬਰ ਸੀ। ਚਾਂਦੀ ਦਾ ਜੋ ਸੀ।[

ਦੋ ਤਿੰਨ ਘੰਟੇ ਤੀਰ ਜੀ ਨਾਲ ਵਿਚਾਰ ਵਟਾਂਦਰਾ ਚਲਦਾ ਰਿਹਾ। ਸਾਡੇ ਸਾਰਿਆਂ ਦੀ ਵਾਕਫੀ ਸਤਿਗੁਰੂ ਜੀ ਨੇ ਤੀਰ ਨੂੰ ਦਿਤੀ। ਤੀਰ ਜੀ ਕਹਿਣ ਲਗੇ ਹੰਸਪਾਲ ਜੀ, ਕਵੀ ਜੀ, ਦਲੀਪ ਸਿੰਘ ਜੀ ਨੂੰ ਤਾਂ ਮੈਂ ਪਹਿਲਾਂ ਹੀ ਜਾਣਦਾ ਹਾਂ। ਜਸਵਿੰਦਰ ਸਿੰਘ ਬਾਬਤ ਗੁਰੂ ਜੀ ਕਿਹਾ, ਏਹ ਨੌਜੁਆਨ, ਬੜਾ ਹੋਣਹਾਰ ਹੈ। ਤੇ ਨਾਮਧਾਰੀ ਲਿਟਰੇਚਰ ਤੇ ਰੀਸਰਚ ਕਰ ਰਿਹਾ ਹੈ। ਮੇਰੀ ਬਾਬਤ ਕਹਿਣ ਲਗੇ—ਰਾਜਿੰਦਰ ਸਿੰਘ ਮੇਰੇ ਮਾਮਾ ਜੀ ਦਾ ਲੜਕਾ ਹੈ। ਅਸੀਂ ਕੱਠੇ ਪੜੇ, ਕੱਠੇ ਖੇਡੇ, ਕੱਠੇ ਰੁਸੇ, ਕਠੇ ਗੁੱਸੇ। ਘੋਲ ਖੇਡਾਂ ਸਭ ਕਠਿਆਂ ਹੀ ਕੀਤੀਆਂ ਤੇ ਰਾਗ ਵਿਦਿਆ ਵੀ ਕਠਿਆਂ ਹੀ ਸਿਖੀ। ਅਖੀਰ ਵਿਚ ਕਹਿਣ ਲਗੇ—ਜੋ ਚੀਜ਼ਾਂ ਰਾਗ ਦੀਆਂ ਮੈਨੂੰ ਯਾਦ ਨਹੀਂ। ਏਸ ਨੂੰ ਯਾਦ ਹਨ। ਜਦੋਂ ਉਹਨਾ ਏਹ ਕਿਹਾ—ਏਸ ਦੀ ਯਾਦਾਸ਼ਤ ਮੇਰੇ ਨਾਲੋਂ ਜ਼ਿਆਦਾ ਹੈ। ਮੈਂ ਕਿਹਾ—ਜੀ ਯਾਦਾਸ਼ਤ ਮੇਰੇ ਨਾਲ ਵਟਾ ਲਓ। ਮੈਨੂੰ ਆਪ ਦੀ ਦੇ ਦਿਓ, ਤੇ ਮੇਰੀ ਯਾਦਾਸ਼ਤ ਤੁਸੀਂ ਲੈ ਲਓ ?

ਖੂਬ ਹਾਸਾ ਪਿਆ ਮੇਰੇ ਲੱਕ ਵਿਚ ਹੱਥ ਮਾਰਕੇ ਕਹਿਣ ਲਗੇ ਠੀਕ ਹੈ।

## ਮਾਲਾ ਦੀ ਬਖਸ਼ਿਸ਼

ਮੰਡੀ ਤੋਂ ਚਲਕੇ ਅਜੇ ਭੌਂਤਰ ਨਹੀਂ ਸਾਂ ਪਹੁੰਚੇ। ਸਾਰੀਆਂ ਕਾਰਾਂ ਸੜਕ ਦੇ ਇਕ ਪਾਸੇ ਹੋ ਕੇ ਖਲੋ ਗਈਆਂ। ਪਿਛੇ ਰਹੀਆਂ ਕਾਰਾਂ ਦੀ ਉਡੀਕ ਵਿਚ। ਸਤਿਗੁਰੂ ਜੀ ਨੂੰ ਜਦੋਂ ਵੀ ਥੋੜੀ ਜਹੀ ਵੇਹਲ ਮਿਲ ਜਾਂਦੀ ਕਾਰਵਿਹਾਰ ਤੋਂ ਝਟ ਕਿਸੇ ਨਾ ਕਿਸੇ ਨਿਤ ਨੇਮ ਵਿਚ ਰੁਝ ਜਾਂਦੇ ਹੈਨ। ਹੁਣ ਉਹ ਮਾਲਾ ਫੇਰ ਰਹੇ ਸਨ। ਸੰਤ ਤਰਸੇਮ ਸਿੰਘ ਜੀ ਵੀ ਨਵੀਂ ਨਕੋਰ ਮਾਲਾ ਹੱਥ ਵਿਚ ਫੜੀ ਪਿਛੇ ਖਲੋਤੇ ਸਨ। ਸਤਿਗੁਰਾਂ ਦੇ ਹੱਥ ਵਿਚ ਨਵੀਂ ਨਕੋਰ ਮਾਲਾ ਵੇਖ ਕੇ ਮੈਨੂੰ ਮੰਡੀ ਦੀ ਬੀਬੀ ਦੀ ਇਕ ਗਲ ਯਾਦ ਆ ਗਈ ! ਮੈਂ ਉਹੋ ਗਲ ਸਤਿਗੁਰੂ ਜੀ ਅਗੇ ਸ਼ੁਰੂ ਕਰ ਦਿਤੀ ਜੋ ਮਾਲਾ ਫੇਰ ਰਹੇ ਸਨ।

ਮੰਡੀ ਸੁਬ੍ਹਾ ਸਵੇਰੇ ਇਕ ਬੀਬੀ ਮੈਨੂੰ ਕਹਿਣ ਲਗੀ—ਵੇਖ ਸੰਤ ਜੀ ! ਮੈਂ ਤੇ ਮੇਰੇ ਬੱਚੇ ਵੀਹ ਦਿਨਾਂ ਤੋਂ ਸੁਬ੍ਹਾ ਸਵੇਰੇ ਇਸ਼ਨਾਨ ਕਰਕੇ ਤਿੰਨ ਚਾਰ ਘੰਟੇ ਬੈਠ ਕੇ ਨਾਮ ਜਪਦੇ ਹਾਂ। ਬਾਕੀ ਸਾਰਿਆਂ ਨੂੰ ਇਨਾਮ ਮਿਲ ਗਏ ਹੈਨ। ਮੈਨੂੰ ਅਜ ਕੋਈ ਇਨਾਮ ਨਹੀਂ ਮਿਲਿਆ।

ਮੈਂ ਕਿਹਾ—ਭੋਲੀਏ ਤੂੰ ਕਿਹੜੇ ਇਨਾਮਾਂ ਨੂੰ ਰੋਂਦੀ ਏਂ ? ਮੈਨੂੰ ਕਈ ਮਹੀਨੇ ਹੋ ਗਏ ਨੇ ਸਤਿਗੁਰਾਂ ਦੇ ਨੇੜੇ ਤੇੜੇ ਹੁਕਮ ਵਿਚ ਰਹਿੰਦਿਆਂ ਨੂੰ। ਏਥੇ ਜਦੋਂ ਕੋਈ ਨਵਾਂ ਆਦਮੀ ਔਂਦਾ ਹੈ—ਗੁਰੂ ਜੀ ਓਸ ਨੂੰ, ਗੁਟਕਾ, ਮਾਲਾ, ਦਸਤਾਰ, ਪੈਸੇ ਤੇ ਹੋਰ ਕਈ ਕੁਝ ਦੇਕੇ ਸਨਮਾਨਤ ਕਰਦੇ ਨੇ ਅਤੇ ਮੈਨੂੰ ਅਜੇ ਤਕ ਮਾਲਾ ਵੀ ਨਹੀਂ ਬਖਸ਼ੀ। ਏਨਾ ਸੁਣਕੇ ਬੀਬੀ ਤਾਂ ਵਿਚਾਰੀ ਚੁਪ ਹੋ ਗਈ; ਅਤੇ ਸਤਿਗੁਰੂ ਜੀ ਤੇ ਸੰਗਤ ਹੱਸ ਪਏ। ਸੰਤ ਤਰਸੇਮ ਸਿੰਘ ਜੀ ਨੇ ਮਾਲਾ ਮੇਰੇ ਵੱਲ ਵਧਾਈ। ਗੁਰੂ ਜੀ ਨੇ ਇਸ਼ਾਰੇ ਨਾਲ ਰੋਕ ਦਿਤਾ। ਮੈਂ ਅਜੇ ਮੂੰਹ ਦੂਸਰੇ ਪਾਸੇ ਕੀਤਾ ਹੀ ਸੀ, ਕਿ ਸਤਿਗੁਰੂ ਜੀ ਨੇ ਆਪਣੀ ਮਾਲਾ ਮੇਰੇ ਗਲ ਵਿਚ ਪਾ ਦਿਤੀ। ਤੁਹਾਨੂੰ ਪਤਾ ਹੀ ਹੈ—ਕਵੀ ਤਾਂ ਅਕਾਸ਼ ਉਡਾਰੀਆਂ ਲੈਂਦੇ ਹੀ ਰਹਿੰਦੇ ਹੈਨ। ਸ੍ਰੀ ਪ੍ਰੀਤਮ ਸਿੰਘ ਜੀ ਕਵੀ, ਜੋ ਅਤਿ ਕਥਨੀ ਵਿਚ ਸਾਡੇ ਸਭ ਤੋਂ ਅਗੇ ਹੈਨ—ਕਹਿਣ ਲਗੇ :

"ਵਾਹਵਾ ਕਿਆ ਨਜ਼ਾਰਾ ਹੈ।
ਮੈਨੂੰ ਤੇਰੇ ਵਿਚੋਂ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋ ਰਹੇ ਨੇ।"


Sri Satguru Jagjit Singh Ji eLibrary NamdhariElibrary@gmail.com

ਪੰਡਿਤ ਗੋਪਾਲ ਸਿੰਘ ਜੀ ਨੇ ਕਿਹਾ—ਬਹੁਤ ਖੂਬ ਮਾਲਾ ਨਾਲ ਬਹੁਤ ਫਬਦੇ ਹੋ। ਸਾਰੀ ਸੰਗਤ ਏਸ ਅਲੌਕਿਕ ਦ੍ਰਿਸ਼ ਵਿਚ—ਮੰਤ੍ਰ ਮੁਗਧ, ਸਭ ਕੁਝ ਦੇਖ ਰਹੀ ਸੀ।

ਏਸ ਸਫ਼ਰ ਦੇ ਮੰਡੀ ਤੋਂ ਮਨਾਲ਼ੀ ਤਕ ਦੇ ਸਾਰੇ ਨਜ਼ਾਰੇ—ਸੰਤ ਗੁਰਮੁਖ ਸਿੰਘ ਜੀ ਨੇ ਕੈਮਰਾ ਫ਼ਿਲਮ ਅੰਦਰ ਬੰਦ ਕਰ ਲਏ ਹੈਨ। ਹਿਮਾਚਲ ਦੀ ਏਸ ਸੁਪਨਿਆਂ ਦੀ ਵਾਦੀ—ਫਿਲਮ, ਏਹਨਾਂ ਕੋਲੋਂ ਮਿਲ ਸਕਦੀ ਹੈ। ਏਸ ਫਿਲਮ ਵਿਚ ਸਤਿਗੁਰੂ ਜੀ ਖੁਲ੍ਹੇ ਦਰਸ਼ਨ, ਪਹਾੜਾਂ ਅਤੇ ਸ਼ਹਿਰਾਂ ਸਮੇਤ, ਦਰਿਆ ਨਾਲਿਆਂ ਦੇ ਸੰਜੋਏ ਹੋਏ ਹੈਨ। ਪਹਾੜੀ ਜੰਗਲ, ਬਰਫ਼ਾਂ ਦੀਆਂ ਚੋਟੀਆਂ, ਮਨਾਲੀ ਦੇ ਹੋਟਲ ਤੇ ਸਤਿਗੁਰਾਂ ਦੀ ਪਹਾੜੀ ਕੋਠੀ ਦੇ, ਪੂਰੇ ਦ੍ਰਿਸ਼। ਪਤਾ ਇਕ ਵਾਰ ਫੇਰ ਯਾਦ ਕਰੋ:—ਸੰਤ ਗੁਰਮੁਖ ਸਿੰਘ ਜੀ ਕੈਮਰਾਮੈਨ ਸ੍ਰੀ ਭੈਣੀ ਸਾਹਿਬ।

ਅਸੀਂ ਹੁਣ ਕੁਲੂ ਸ਼ਹਿਰ ਵਲ ਵਧ ਰਹੇ ਸਾਂ। ਦਸਹਿਰਾ ਗਰਾਊਂਡ—ਜਿਥੇ ੧੯੪੭ ਵਿਚ ਏਡੇ ਭਾਰੇ ਭਾਰੇ ਦਿਆਰ ਦੇ ਅਣਗਿਣਤ ਰੁੱਖ ਸਨ, ਜਿਸ ਦੀ ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ। ਅੱਜ ਬਿਲਕੁਲ ਨੰਗ ਮਨੰਗਾ—ਮਹਿਤਾ ਜੀ ਦੇ ਸਿਰ ਦੀ ਤਰ੍ਹਾਂ ਘੋਨਮ ਘੋਨ। ਹਾਂ ਸ਼ਹਿਰ ਬਹੁਤ ਵਧ ਗਿਆ ਸੀ। ਦਰਿਆ ਬਿਆਸਾ ਦਾ ਸਖਣਾਂ ਸਖਣਾਂ ਪਾੜ ਤੇ ਪਹਾੜਾਂ ਦੀਆਂ ਵਾਦੀਆਂ, ਰੰਗ ਬੇਰੰਗੀ ਧੁਪ ਛਾਂ, ਮੌਸਮ ਬਹੁਤ ਹੀ ਸੁਹਾਵਣਾਂ ਸੀ—ਪਹਾੜਾਂ ਵਿਚ ਸੂਰਜ ਲੁਕਣ ਮੀਟੀ ਖੇਡ ਰਿਹਾ ਜਾਪਦਾ ਸੀ। ਸਤਿਗੁਰੂ ਜੀ ਦੀ ਮਰਸਡੀਜ਼ ਕਾਰ ਤੋਂ ਅਗੇ—ਨੰਗੇ ਧੜ ਲੜਨ ਵਾਲੇ ਯੋਧਿਆਂ ਦੀ ਜੀਪ ਸੀ। ਜੋ ਤੇਜ਼ੀ ਨਾਲ ਟਰੈਫ਼ਕ ਤੋਂ ਰਸਤਾ ਸਾਫ਼ ਕਰੌਂਦੇ ਜਾ ਰਹੇ ਸਨ। ਮਨਾਲੀ ਏਥੋਂ ਅਜੇ ਵੀ ਬਹੁਤ ਦੂਰ ਸੀ ੨੪ ਮੀਲ। ਪਹਾੜ ਵਿਚ ਮੀਲ ਰਾਜਸਥਾਨ ਦੇ ਕੋਹਾਂ ਦੀ ਤਰਾਂ ਬਹੁਤ ਲੰਬੇ ਹੋ ਜਾਂਦੇ ਨੇ। ਕਾਰਾਂ ਦੀ ਤੇਜ਼ ਘੀਂ ਘੀਂ ਤੋਂ ਤਾਂ ਮਾਲੂਮ ਹੁੰਦਾ ਹੈ ਕਿ ਅਸੀਂ ਬਹੁਤ ਤੇਜ਼ੀ ਨਾਲ ਅਗੇ ਵਧ ਰਹੇ ਹਾਂ। ਪਰ ਜਦੋਂ ਬਹੁਤ ਉਚੇ ਚੜ੍ਹ ਜਾਂਦੇ ਹਾਂ, ਪਹਾੜ ਉਤੇ। ਹੇਠਾਂ, ਹੁਣ ਤਕ ਦੀਆਂ ਸਾਰੀਆਂ ਸੜਕਾਂ ਤੇ ਦਰਿਆ ਸਾਫ਼ ਦਿੱਸਣ ਲਗ ਜਾਂਦੇ ਹੈਨ। ਹਾਂ, ਪਰ ਮੰਡੀ ਤੋਂ ਕੁਲੂ-ਮਨਾਲੀ ਤਕ ਦਾ ਏਹ ਰਸਤਾ, ਦੂਸਰੇ ਪਹਾੜਾਂ ਤੋਂ ਬਿਲਕੁਲ ਵਖਰੀ ਤਰ੍ਹਾਂ ਦਾ, ਕਾਫ਼ੀ ਸਾਫ਼ ਤੇ ਬਿਨਾਂ ਬਹੁਤੇ ਉਤਾਰ ਚੜ੍ਹਾਵ ਤੋਂ ਕਾਫ਼ੀ ਮੁਕਤ ਸੀ। ਸੂਰਜ ਛਿੱਪ ਗਿਆ ਸੀ ਤੇ ਹਨੇਰਾ ਪੈਰੋ ਪੈਰ ਵਧ ਰਿਹਾ ਸੀ ਅਤੇ ਮਨਾਲੀ ਦੀ ਮਨੋਰਮ ਆਬਾਦੀ ਵਿਚ ਅਸੀਂ ਪਹੁੰਚ ਗਏ ਸਾਂ। ਮਨਾਲੀ ਹਿਮਾਚਲ ਪ੍ਰਦੇਸ਼ ਦੀ ਸਭ ਤੋਂ ਖੂਬਸੂਰਤ ਵਾਦੀ ਵਾਲਾ ਸ਼ਹਿਰ ਹੈ। ਜਿਥੇ ਖੁਲ੍ਹੀ ਤਰ੍ਹਾਂ ਚਮਕਦੀ ਹੋਈ ਬਰਫ਼ ਦੇ ਪਹਾੜ ਚੁਫੇਰੇ ਨਜ਼ਰ ਔਂਦੇ ਹੈਨ। ਨੀਚੇ ਹਰੀ ਹਰੀ ਦ੍ਰਿਸ਼ਾਵਲੀ। ਰਾਤ ਨੂੰ ਤਾਂ ਸਾਰਾ ਹਿਮਾਚਲ ਹੀ ਬਿਜਲੀ ਦੀ ਰੌਸ਼ਨੀ ਨਾਲ ਜਗਮਗਾ ਉਠਦਾ ਹੈ। ਜੇ ਅੱਜ ਹਨੂਮਾਨ ਨੂੰ ਸੰਜੀਵਨੀ ਬੂਟੀ ਵਾਸਤੇ ਭੇਜਿਆ ਜਾਂਦਾ ਤਾਂ ਯਕੀਨਨ ਪਹਾੜੀ ਮਕਾਨਾਂ ਦੁਆਲੇ ਹੀ ਘੁੰਮਦਾ ਘੁਮੌਂਦਾ ਦਿਨ ਚੜ੍ਹਾ ਦਿੰਦਾ। ਤੇ ਵਲਬਾਂ ਦੀ ਰੌਸ਼ਨੀ ਵਿਚ ਹੀ ਗੁਆਚ ਜਾਂਦਾ।

ਅਚਾਨਕ ਕਾਰਾਂ ਰੁਕੀਆਂ। ਸੇਬਾਂ ਦੇ ਬਗੀਚੇ ਵਿਚ ਪੂਰੀ ਤਰ੍ਹਾਂ ਅਰਾਮਦੇਹ ਮਗਰ ਸਾਦਾ ਜੇਹੀ ਕੋਠੀ। ਏਹੋ ਸਤਿਗੁਰੂ ਜੀ ਦੀ ਅਰਾਮਗਾਹ ਹੈ। ਪੂਰੀ ਤਰ੍ਹਾਂ ਖੁਲ੍ਹੀ ਖੁਲ੍ਹੀ। ਬਿਆਸਾ ਦੇ ਕਿਨਾਰੇ। ਹਰ ਤਰਾਂ ਦੀ ਸਹੂਲਤ ਏਥੇ ਮੌਜੂਦ ਹੈ। ਕੋਠੀ ਦੇ ਬਿਲਕੁਲ ਸਾਹਮਣੇ ਤੇ ਬਰਾਬਰ-ਬਰਾਬਰ ਹੋਟਲਾਂ ਦੀਆਂ ਪੰਗਤੀਆਂ ਬਣ ਗਈਆਂ ਤੇ ਬਣ ਰਹੀਆਂ ਹੈਨ। ਕਲੇ ਕਲੇ ਕਮਰੇ ਅਤੇ ਉਤੇ ਦੀਵਾਨ ਸਥਾਨ ਜੋ ਸ਼ੀਸ਼ਿਆਂ ਨਾਲ ਚੁਫੇਰਿਓਂ ਬੰਦ ਕੀਤਾ ਗਿਆ ਹੈ। ਏਅਰ ਕੰਡੀਸ਼ੰਡ ਜੇਹਾ ਹੀ ਬਣ ਗਿਆ ਹੈ ਸਤਿਗੁਰੂ ਜੀ ਨੇ ਸਾਨੂੰ ਵਖਾਇਆ। ਅੱਠ ਦਸ ਸਰੀਰਾਂ ਨੂੰ ਹੋਟਲਾਂ ਵਿਚ ਹੀ ਠਹਿਰਾਇਆ ਗਿਆ। ਜਿਥੇ ਲਾਈਟ, ਬਿਸਤਰੇ ਤੇ ਗਰਮ ਪਾਣੀ ਆਦਿ ਦਾ ਪੂਰਾ ਇੰਤਜ਼ਾਮ ਸੀ।

ਸ੍ਰੀ ਜੈ ਸਿੰਘ, ਜੋ ਬਹੁਤ ਉਚੀਆਂ ਵਾਦੀਆਂ ਦਾ ਬਾਸ਼ਿੰਦਾ ਸੀ—ਲਾਹੌਲ-ਸਪਿੱਤੀ, ਜੋ ਸਿਧੇ ਚੀਨ ਦੇ ਨਾਲ ਲਗੇ ਹੋਏ, ਹਿਮਾਚਲ ਦੇ ਪਹਾੜ ਹੈਨ, ਓਥੋਂ ਲਿਆਕੇ ਸ੍ਰੀ ਸਤਿਗੁਰੂ ਜੀ ਨੇ ਆਪਣੀ ਕੋਠੀ ਏਸੇ ਨੂੰ ਹੀ ਸੰਭਾਲੀ ਹੋਈ ਹੈ। ਏਹ ਬ੍ਰਾਹਮਣ ਪਰਿਵਾਰ ਹੈ ਜੋ ਬਹੁਤ ਬਰਫ਼ੀਲੇ ਤੇ ਉਚੇ ਪਹਾੜਾਂ ਤੋਂ ਸਤਿਗੁਰੂ ਜੀ ਨੇ ਏਥੇ ਲੈ ਆਂਦਾ ਹੈ, ਪਿਛੇ ਵੀ ਜ਼ਮੀਨ ਦਾ ਮਾਲਕ ਸੀ ਤੇ ਏਥੇ ਮਨਾਲੀ ਵਿਚ ਵੀ ਓਹ ਕਈ ਵਿਘੇ ਜ਼ਮੀਨ ਦਾ ਮਾਲਕ ਹੈ। ਤੇ ਕੋਠੀ ਦੀ ਸੇਵਾ ਵੀ ਸਾਰਾ ਪਰਿਵਾਰ ਹੀ ਕਰਦਾ ਹੈ। ਸਾਰਾ ਟੱਬਰ ਪੜ੍ਹੇ ਲਿਖਿਆਂ ਦਾ ਹੈ। ਜਿਨ੍ਹਾਂ ਨੂੰ ਅਸੀਂ ਸਹਿਜਧਾਰੀ ਸਿੱਖ ਹੀ ਕਹਾਂਗੇ। ਜੈ ਸਿੰਘ ਜੀ ਦੀਆਂ ਦੋ ਲੜਕੀਆਂ ਤੇ ਇਕ ਲੜਕਾ ਹੈ। ਜੋ ਸਾਰੇ ਹੀ ਪੜ੍ਹੇ ਲਿਖੇ ਹੈਨ। ਵਡੀ ਲੜਕੀ ਰਾਣੀ ਜੋ ਪੜ੍ਹੀ ਲਿਖੀ ਸੋਹਣੀ ਸੋਹਣੀ ਤੇ ਗੁਰੂ ਜੀ ਅਤੇ ਸਾਧ ਸੰਗਤ ਦੀ ਹਮੇਸ਼ਾ ਸੇਵਾ ਕਰਕੇ ਖੁਸ਼ੀਆਂ ਲੈਂਦੀ ਸੀ—ਏਹੋ ਰਾਣੀ ਜਿਸਦਾ ਅੱਜ ਦਾ ਨਵਾਂ ਨਾਮ ਗੁਰਜੀਤ ਕੌਰ ਹੈ, ਸੰਤ ਗੁਰਮੁਖ ਸਿੰਘ ਫੋਟੋਗ੍ਰਾਫਰ ਸ੍ਰੀ ਭੈਣੀ ਸਾਹਿਬ ਨਾਲ ਅਨੰਦ ਕਾਰਜ ਸਤਿਗੁਰੂ ਜੀ ਨੇ ਕਰ ਦਿਤਾ ਹੈ। ਹੈ ਨਾ ਸਿੱਖੀ ਵਿਚ ਨਵਾਂ ਇਨਕਲਾਬ। ਪਹਾੜੀ ਦਰ ਪਹਾੜੀ ਤੇ ਉਸ ਤੋਂ ਵੀ ਬਹੁਤ ਉਚੀਆਂ, ਬਰਫ਼ਾਂ ਲੱਦੀਆਂ ਪਹਾੜੀਆਂ ਦਾ ਬ੍ਰਾਹਮਣ ਪ੍ਰੀਵਾਰ ਅਤੇ ਉਸਦੀ ਧੀ ਰਾਣੀ, ਦੁਆਬੇ ਦੇ ਸੰਤ ਗੁਰਮੁਖ ਸਿੰਘ


Sri Satguru Jagjit Singh Ji eLibrary NamdhariElibrary@gmail.com

ਮਿਸਤ੍ਰੀਆਂ ਦੇ ਘਰਾਣੇ ਨਾਲ ਸ਼ਾਦੀ । ਏਹਨਾਂ ਦੇ ਦੋ ਬੱਚੇ ਬਹੁਤ ਹੀ ਖੁਸ਼ ਖੁਸ਼—ਸਾਰੇ ਹੀ ਹਸੂੰ ਹਸੂੰ ਕਰਦੇ ਚਿਹਰੇ । ਸ੍ਰੀ ਭੈਣੀ ਸਾਹਿਬ ਨਿਵਾਸੀ ਗੁਰਮੁਖ ਸਿੰਘ ਏਹੋ ਹੈਨ ਜੋ ਸਤਿਗੁਰੂ ਜੀ ਦੇ ਸਾਰੇ ਦੌਰੇ ਦੀ ਫਿਲਮ ਤੇ ਦੀਵਾਨਾਂ ਦੀਆਂ ਕੈਸਟਾਂ ਤਿਆਰ ਕਰਦੇ ਹੈਨ । ਰਾਣੀ ਦੀ ਇਕ ਭੈਣ ਵੀ ਜੁਆਨ ਹੈ ਨਿੰਦੀ । ਇਹ ਵੀ ਬਹੁਤ ਸੋਹਣੀ ਤੇ ਹਸਮੁਖ ਕੁੜੀ ਹੈ । ਮੈਂ ਉਮੀਦ ਕਰਦਾ ਹਾਂ ਓਹ ਵੀ ਕਿਸੇ ਦਿਨ ਪੰਜਾਬੀ ਨਾਮਧਾਰੀ ਨੌਜਵਾਨ ਨਾਲ ਸਤਿਗੁਰੂ ਜੀ ਵਿਆਹ ਦੇਣਗੇ । ਤੇ ਉਹਨਾਂ ਦਾ ਭਰਾ ਜੋ ਮੋਨਾ ਘੋਨਾ ਹੈ ? ਗੁਰੂ ਦੀਆਂ ਗੁਰੂ ਹੀ ਜਾਣੇ ।

ਸਤਿਗੁਰਾਂ ਦੀ ਸੰਗਤ ਵਿਚ ਰਹਿਣ ਵਾਲਿਆਂ ਨੂੰ ਨੀਂਦ ਤਾਂ ਔਂਦੀ ਹੈ ਪਰ ਉਹ ਖਹਿੜਾ ਨਹੀਂ ਕਰਦੀ । ਮੈਨੂੰ ਸੁਭਾ ਸਾਢ਼ੇ ਤਿੰਨ ਵਜੇ ਜਾਗ ਆ ਗਈ । ਅਸਲ ਵਿਚ ਫਿਲਾਸਫੀ ਵੀ ਕਦੇ-ਕਦੇ ਪੁੱਠੀ ਪੈ ਜਾਂਦੀ ਹੈ । ਮੈਂ ਸੰਤ ਹਰਬੰਸ ਸਿੰਘ ਜੀ ਨੂੰ ਜਗਾ ਦਿਤਾ, ਜੋ ਮੇਰੇ ਨਾਲ ਹੀ ਡਬਲ ਬੈੱਡ ਉਤੇ ਪਏ ਸਨ; ਆਪ ਦੇ ਬੱਚੇ ਸਮੇਤ । ਜੋ ਚੰਡੀਗੜ੍ਹੋਂ ਮਨਾਲੀ ਪੁਜੇ ਸਨ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ।

ਅਸਲ ਕਹਾਣੀ ਏਹ ਸੀ ਕਿ ਮੈਂ ਆਪਦੇ ਕਪੜੇ ਵੀ ਇਸ਼ਨਾਨ ਕਰਨ ਤੋਂ ਪਹਿਲਾਂ ਹੀ ਧੋ ਲੈਂਦਾ ਹਾਂ ਤਾਕਿ ਦਿਨੇ ਆਰਾਮ ਨਾਲ ਸਤਿਗੁਰੂ ਤੇ ਸਾਧ ਸੰਗਤ ਦੇ ਦਰਸ਼ਨ ਦੀਦਾਰ ਕੀਤੇ ਜਾ ਸਕਣ । ਕਪੜੇ ਧੋਣ ਅਤੇ ਸ਼ਨਾਨ ਕਰਨ ਤੇ ਟਾਈਮ ਤਾਂ ਲਗਦਾ ਹੀ ਹੈ । ਮੈਂ ਸੋਚਿਆ ਸੰਤ ਹਰਬੰਸ ਸਿੰਘ ਜੀ ਨੂੰ ਪਹਿਲ ਦੇਣੀ ਹੀ ਠੀਕ ਹੈ ਤਾਕਿ ਸਮੇਂ ਸਿਰ ਆਸਾ ਦੀ ਵਾਰ ਸੁਣ ਲੈਂਦਾ ਤੇ ਮੈਂ ਉਹਨਾਂ ਨੂੰ ਜਗਾ ਦਿਤਾ । ਮੇਰਾ ਲੇਟ ਹੋਣਾ ਸੁਭਾਵਕ ਹੀ ਸੀ । ਗੀਜ਼ਰ ਲਗਾ ਹੋਇਆ ਸੀ ਗਰਮ ਪਾਣੀ ਨਾਲ ਇਸ਼ਨਾਨ ਕਰਨ ਤੋਂ ਪਹਿਲਾਂ ਸੰਤ ਹਰਬੰਸ ਸਿੰਘ ਜੀ ਨੇ ਮੈਨੂੰ ਇਕ ਸਾਖੀ ਸੁਣਾਈ—

ਮਨਾਲੀ ਵਿਚ ਬਰਫ ਆਮ ਪੈਂਦੀ ਹੈ । ਆਲੇ ਦੁਆਲੇ ਦੇ ਪਹਾੜ ਤਾਂ ਬਰਫ ਨਾਲ ਚਿਟੇ ਚਿਟੇ ਹੋ ਜਾਂਦੇ ਹੈਨ । ਚੋਟੀਆਂ ਅਤੇ ਦਰਖ਼ਤਾਂ ਉਤੇ ਪਈ ਬਰਫ ਬਹੁਤ ਹੀ ਸੁਹਾਣਾ ਮੰਜ਼ਰ ਪੇਸ਼ ਕਰਦੀ ਹੈ । ਛੋਟੇ ਵੜੇ ਬੂਟੇ ਜਦੋਂ ਬਰਫ ਨਾਲ ਢਕੇ ਜਾਂਦੇ ਹੈਨ । ਏਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਫੌਜੀ ਛੌਣੀ ਚਿਟੇ ਤੰਬੂ ਤਮੋਟੀਆਂ ਨਾਲ ਉਤਰ ਪਈ ਹੋਵੇ । ਏਹੋ ਨਜ਼ਾਰਾ ਵੇਖਣ ਪਿਛਲੇ ਸਾਲ ਜਨਵਰੀ ਵਿਚ ਸਤਿਗੁਰੂ ਜੀ ਮਨਾਲੀ ਪਧਾਰੇ ਸਨ । ਮੰਡੀ ਅਤੇ ਚੰਡੀਗੜ੍ਹ ਤੋਂ ਵੀ ਸਾਧ ਸੰਗਤ ਏਥੇ ਪਹੁੰਚ ਗਈ ਸੀ । ਨਾਮਧਾਰੀ ਸਾਧ ਸੰਗਤ ਦੇ ਗੜਵੇ, ਡੋਲ, ਸੁਭਾ ਤਿੰਨ ਵਜੇ ਤੋਂ ਹੀ ਖੜਕਣੇ ਸ਼ੁਰੂ ਹੋ ਜਾਂਦੇ ਹੈਨ ।

ਏਹਨਾਂ ਪਹਾੜਾਂ ਵਿਚ ਬਰਫ ਦਾ ਹੀ ਪਾਣੀ ਖੂਹੀਆਂ ਵਿਚ ਸਮੋਇਆ ਹੁੰਦਾ ਹੈ । ਜੋ ਬਰਫ ਜਿੰਨਾਂ ਹੀ ਠੰਢਾ ਹੁੰਦਾ । ਅਤੇ ਏਥੇ ਵਗਦਾ ਬਿਆਸਾ ਦਰਿਆ । ਏਸ ਦਾ ਅਨੁਮਾਨ ਤੁਸੀਂ ਖੁਦ ਹੀ ਲਾ ਸਕਦੇ ਹੋ ਕਿੰਨਾ ਠੰਢਾ ਹੁੰਦਾ ਹੋਵੇਗਾ ? ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਭਾਓ ਤਾਂ ਹੱਸਮੁਖਾ ਹੈ । ਸੰਤ ਹਰਬੰਸ ਸਿੰਘ ਜੀ ਨੇ ਮਨਾਲੀ ਦਾ ਦਰਿਆ ਕਿਨਾਰੇ ਖੂਹੀ ਉਤੇ ਸ਼ਨਾਨ ਤਾਂ ਕਰ ਲਿਆ । ਪਰ ਪੁਛੋ ਨਾ ਜੇਹੜੀ ਉਹਨਾਂ ਦੀ ਗਤ ਬਣੀ । ਓਹ ਗੁਰੂ ਜੀ ਨੂੰ ਜਾ ਕੇ ਕਹਿਣ ਲਗੇ—ਸਚੇ ਪਾਤਸ਼ਾਹ ! ਏਨਾਂ ਪਾਣੀ ਠੰਢਾ !! ਮੇਰਾ ਤਾਂ ਠੰਢ ਨਾਲ ਪਿੰਡਾ ਹੀ ਜੰਮ ਗਿਆ ਲਗਦਾ ਹੈ । ਗੁਰੂ ਜੀ ਹੱਸ ਕੇ ਕਹਿਣ ਲਗੇ—

ਮੈਂ ਏਸੇ ਵਾਸਤੇ ਦਰਿਆ ਤੇ ਸ਼ਨਾਨ ਕਰਨ ਚਲਾ ਗਿਆ ਸਾਂ ।

ਅਸਲ ਵਿਚ ਗੁਰੂ ਜੀ ਨੇ ਆਪਣੇ ਸਰੀਰ ਨੂੰ ਏਸ ਕਦਰ ਕਮਾ ਲਿਆ ਹੈ ਕਿ ਗਰਮੀ ਸਰਦੀ ਓਹਨਾਂ ਨੂੰ ਪੋਂਹਦੀ ਹੀ ਨਹੀਂ ।

ਸ਼ਨਾਨ ਪਾਣੀ ਕਰਕੇ ਜਦੋਂ ਮੈਂ ਦੀਵਾਨ ਵਿਚ ਪਹੁੰਚਾਂ ਆਸਾ ਦੀ ਵਾਰ ਓਸ ਵੇਲੇ ਆਖਰੀ ਚਰਨ ਤੇ ਸੀ । ਗੁਰੂ ਜੀ ਮੈਨੂੰ ਬੈਠਣ ਦਾ ਇਸ਼ਾਰਾ ਕਰਕੇ ਆਪ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ ।

ਹੋਣੀ ਦਾ ਆਮ ਤੌਰ ਤੇ ਆਦਮੀ ਨੂੰ ਪਤਾ ਹੀ ਹੁੰਦਾ ਹੈ । ਅਰਦਾਸ ਪਿਛੋਂ ਗੁਰੂ ਜੀ ਪੌੜੀਆਂ ਉਤਰ ਰਹੇ ਸਨ । ਮੈਨੂੰ ਕਹਿਣ ਲਗੇ—ਕਲ੍ਹ ਬਦਾਮਾਂ ਦੇ ਬਾਗ ਵਿਚ ਸੂਰਜਮੁਖੀ ਵੇਖਿਆ ਸੀ ?

ਮੈਂ ਕਿਹਾ—ਜੀ ! ਉਸਦਾ ਸਾਈਜ਼ ਬਹੁਤ ਉੱਚਾ ਸੀ । ਪਰ ਮੇਰੇ ਲੇਟ ਹੋਣ ਦਾ ਕਾਰਨ ਤਾਂ ਮੇਰੀ ਉਦਾਰ ਦਿਲੀ ਸੀ ।

ਗੁਰੂ ਜੀ ਕਹਿਣ ਲਗੇ ਮੈਂ ਤਾਂ ਸੂਰਜਮੁਖੀ ਦੀ ਗੱਲ ਕੀਤੀ ਹੈ ?

ਮੈਂ ਕਿਹਾ ਸੀ ਸੂਰਜਮੁਖੀ ਦੀ ਹੀ ਗੱਲ ਮੈਂ ਕਰ ਰਿਹਾ ਹਾਂ ।

ਗੁਰੂ ਜੀ ਕਹਿਣ ਲਗੇ ਕੌਣ ਸੀ ਉਹ ? ਮੈਂ ਨਿਰਾ ਹੱਸ ਹੀ ਦਿਤਾ ।

ਸੰਤ ਹਰਬੰਸ ਸਿੰਘ ਜੀ ਨੂੰ ਤਾਂ ਨਿੰਮ੍ਹਾਂ ਨਿੰਮ੍ਹਾਂ ਬੁਖਾਰ ਤੜ੍ਹਨਾ ਸ਼ੁਰੂ ਹੋ ਗਿਆ । ਸੰਤ ਤ੍ਰਿਲੋਕ ਸਿੰਘ ਤੇ ਸੰਤ ਹਰਬੰਸ ਸਿੰਘ ਬਿਲਕੁਲ ਮੋਢੇ ਨਾਲ ਮੋਢਾ ਜੋੜੀ ਪਿਛੇ-ਪਿਛੇ ਆ ਰਹੇ ਸਨ । ਤ੍ਰਿਲੋਕ ਸਿੰਘ ਕਹਿਣ ਲਗੇ ਤੁਸੀਂ ਬੜੀ ਛੇਤੀ ਗੱਲ ਨੂੰ ਸਮਝਿਆ । ਮੈਂ ਤਾਂ ਸੱਚਮੁਚ ਹੀ ਸੂਰਜਮੁਖੀ ਦੀ ਫਸਲ



Sri Satguru Jagjit Singh Ji eLibrary NamdhariElibrary@gmail.com

ਵਿਚ ਗੁਆਚ ਗਿਆ ਸਾਂ।

## ਵਾਪਸੀ

ਠੀਕ ਬਾਰਾਂ ਵਜੇ ਗੁਰੂ ਜੀ ਨੇ ਹੰਸਪਾਲ ਜੀ ਸਮੇਤ ਭੁੰਤਰ ਤੋਂ ਹਵਾਈ ਰਸਤੇ ਦਿੱਲੀ ਨੂੰ ਰਵਾਨਾ ਹੋਣਾ ਸੀ। ਸੋ ਪੁਠ ਪੈਰੀਂ ਇਕ ਹੋਰ ਰਸਤੇ ਗਿਆਰਾਂ ਵਜੇ ਭੁੰਤਰ ਆ ਪਹੁੰਚੇ। ਕਵੀ ਜੀ ਤਾਂ ਏਥੋਂ ਰਾਤ ਨੂੰ ਹੀ ਤੀਰ ਹੋ ਗਏ ਸਨ ਦਿਹਲੀ ਨੂੰ। ਪਰ ਤੀਰ ਜੀ ਅਜੇ ਭੁੱਥੇ ਵਿਚ ਹੀ ਸਨ।

ਸੰਤ ਤਰਸੇਮ ਸਿੰਘ ਜੀ ਨੇ ਅਰਜ਼ ਕਰਕੇ—ਜੋ ਜਾਣਾ ਚਾਹੇ—ਬਾਕੀ ਸੰਗਤ ਦਾ ਪ੍ਰਬੰਧ ਤੱਤੇ ਪਾਣੀ ਮਣੀ ਕਰਣ। ਜਾਣ ਦਾ ਬਣਾ ਰਖਿਆ ਸੀ!

ਗੁਰੂ ਜੀ ਦਾ ਸੇਵਕ ਲਾਂਗਰੀ ਸਤਨਾਮ ਸਿੰਘ ਮੈਨੂੰ ਕਹਿਣ ਲਗਾ ਤੁਸੀਂ ਸਾਨੂੰ ਸਾਰਿਆਂ ਨੂੰ ਵਖਤ ਪਾ ਰਖਿਆ ਹੈ? ਕਦੇ "ਰਵਾਲਸਰ" ਤੇ ਕਦੇ ਤੱਤੇ ਪਾਣੀ।

ਮੈਂ ਕਿਹਾ ਸੋਹਣਿਆਂ ਏਹ ਗੱਲ ਨਹੀਂ। ਮੈਂ ਤਾਂ ਕੇਵਲ ਮਨਾਲੀ ਔਣ ਵਾਸਤੇ ਹੀ ਅਰਜ਼ ਕੀਤੀ ਸੀ। ਹੋਰ ਤਾਂ ਸਭ ਕੁਝ ਸਾਧ ਸੰਗਤ ਦੀ ਰਜ਼ਾ ਨਾਲ ਹੀ ਹੋ ਰਿਹਾ ਹੈ।

ਪਰ ਏਥੇ ਨਾਮ ਸਭ ਜਗਾ ਤੁਹਾਡਾ ਹੀ ਚਲ ਰਿਹਾ ਹੈ। ਸਤਨਾਮ ਸਿੰਘ ਕਿਹਾ—ਮੈਂ ਕਿਹਾ ਏਸ ਤੋਂ ਚੰਗਾ ਕੀ ਹੋ ਸਕਦਾ ਹੈ।

"ਤਿਨ ਪਿਛੇ ਹੋਰ ਖਾਇ ਘਨੇਰੀ।"

ਪਿਛੇ ਖਲੋਤਾ ਸਤਨਾਮ ਸਿੰਘ ਦਾ ਸ਼ਰੀਕ ਬਲਦੇਵ ਸਿੰਘ ਵਿਚੋਂ ਹੀ ਬੋਲ ਪਿਆ।

ਪੰਡਤ ਜੀ! ਮੰਡੀ ਠੇਡਾ ਖਾ ਕੇ ਸਤਨਾਮ ਦੇ ਪੈਰ ਦੇ ਅੰਗੂਠੇ ਦਾ ਨਹੁੰ ਉਖੜ ਗਿਆ ਹੈ। ਹੁਣ ਤੁਰਦੇ ਨੂੰ ਪੀੜ ਹੁੰਦੀ ਹੈ। ਏਸ ਵਾਸਤੇ ਬੈਠਣ ਵਾਸਤੇ ਤਰਲੇ ਮਾਰਦਾ ਹੈ। ਨਹੀਂ ਤਾਂ ਏਸ ਨੇ ਸਾਰਿਆਂ ਤੋਂ ਅਗੇ ਹੋਣਾ ਸੀ।

ਸਤਨਾਮ ਸਿੰਘ ਤਾਂ ਬਰਫ਼ ਦੀ ਤਰਾਂ ਠੰਡਾ ਹੋ ਗਿਆ।

ਠੀਕ ਸਾਢੇ ਬਾਰਾਂ ਵਜੇ ਗੁਰੂ ਜੀ ਤਾਂ ਸਾਥੀਆਂ ਸਮੇਤ ਵਾਇਆ ਚੰਡੀਗੜ੍ਹ-ਦਿਹਲੀ ਨੂੰ ਰਵਾਨਾ ਹੋ ਗਏ। ਤੇ ਸਾਧ ਸੰਗਤ ਨੇ ਗਰਮ ਚਾਦਰਾਂ ਖਰੀਦ ਕੇ ਇਕ ਲੋਈਆਂ ਦੀ ਦੁਕਾਨ ਹੀ ਖਾਲੀ ਕਰ ਦਿਤੀ। ਟਾਈਮ ਕਾਫ਼ੀ ਹੋ ਗਿਆ ਸੀ। ਸ਼ਾਮ ਦੇ ਤਿੰਨ ਵਜ ਗਏ ਸਨ। ਜੋ ਸਜਣ ਮਨੀਕਰਨ ਪਹਿਲਾਂ ਜਾ ਚੁਕੇ ਸਨ ਉਹ ਤਾਂ ਮੰਡੀ ਵਾਪਸ ਜਾਣ ਲਈ ਤਰਲੇ ਮਾਰ ਰਹੇ ਸਨ। ਜੋ ਨਹੀਂ ਸਨ ਗਏ ਉਹ ਹਨੇਰੇ ਦੀ ਪ੍ਰਵਾਹ ਕੀਤੇ ਬਿਨਾਂ ਦਰਸ਼ਨ ਕਰਨ ਜ਼ਰੂਰ ਜਾਣਾ ਚਾਹੁੰਦੇ ਸਨ।

ਏਹਨਾਂ ਪਹਾੜਾਂ ਵਿਚ "ਮਨੀਕਰਣ" ਦੀ ਮਹਾਨਤਾ ਬਹੁਤ ਹੈ। ਅੱਗ ਨਾਲੋਂ ਵੀ ਤੱਤਾ ਹੋਣ ਕਰਕੇ ਅਲੌਕਿਕ ਦ੍ਰਿਸ਼ ਵਜੋਂ ਵੀ ਤੱਤੇ ਪਾਣੀ—ਉਬਲਦੇ ਪਾਣੀ ਨੂੰ ਵੇਖਣ ਵਾਸਤੇ ਵੀ ਸਾਧ ਸੰਗਤ ਵਿਚ ਉਤਾਵਲਾਪਣ ਸੀ। ਜੋ ਮੈਨੂੰ ਸਮਝ ਵਿਚ ਆਇਆ। ਉਹ ਇਹ ਹੈ:—

ਸੂਬਾ ਰੇਸ਼ਮ ਸਿੰਘ ਜੀ ਤੇ ਉਹਨਾਂ ਦੀ ਪਤਨੀ ਹਰਜਿੰਦਰ ਕੌਰ ਸਮੇਤ ਗੁਰੂ ਜੀ ਦੇ ਇਸ ਦੌਰੇ ਵਿਚ ਸ਼ਾਮਲ ਸਨ। ਇਹ ਬੜੀ ਪਿਆਰੀ ਜੋੜੀ ਹੈ। ਅਜਲੋਂ ਜੁਆਨ ਜੁਆਨ। ਸਤਿਗੁਰੂ ਜੀ ਦੇ ਪ੍ਰਾਈਵੇਟ ਸੈਕਟਰੀ ਤੇ ਰੇਸ਼ਮ ਸਿੰਘ ਸਹਿਪਾਠੀ ਹੈਨ। ਇਕੋ ਕਾਲਜ ਵਿਚ ਪੜੇ ਤੇ ਕੱਠੇ ਹੀ ਨਾਮਧਾਰੀ ਸਜੇ। ਜਿਸ ਵਾਸਤੇ ਪਰਸਪਰ ਲਗਾਉ ਹੋਣਾਂ ਸੁਭਾਵਕ ਹੀ ਸੀ। ਹੋਣਹਾਰ ਵਰਕਰ ਸਮਝਕੇ ਗੁਰੂ ਜੀ ਨੇ ਸੰਤ ਰੇਸ਼ਮ ਸਿੰਘ ਜੀ ਨੂੰ ਕਨਾਡਾ ਦਾ ਸੂਬਾ ਥਾਪ ਦਿਤਾ ਹੈ ਤੇ ਤਰਸੇਮ ਸਿੰਘ ਜੀ ਨੂੰ ਆਪਣਾ ਸੈਕਟਰੀ। ਸੋ ਇਹਨਾਂ ਦੀ ਮਿਲੀ ਭਗਤ ਕਰਕੇ ਹੀ ਤੱਤੇ ਪਾਣੀ—ਮਨੀਕਰਨ ਦੀ ਸਕੀਮ ਬਣੀ ਤੇ ਮੈਨੂੰ ਕਿਸੇ ਤਰੱਦਦ ਦੀ ਲੋੜ ਹੀ ਨਹੀ ਪਈ।

ਸਾਢੇ ਤਿੰਨ ਵਜੇ ਕਾਰਾਂ ਦਾ ਕਾਫ਼ਲਾ ਚਲ ਪਿਆ ਤੇ ਨਾਲ ਹੀ ਸਿਪਾਹੀਆਂ ਨੂੰ ਦਰਸ਼ਨ ਕਰਨ ਦਾ ਸੁਭਾਗ ਮਿਲ ਗਿਆ। ਇਕਹਿਰੀ ਸੜਕ ਬੇਹੱਦ ਆਵਾਜਾਈ। ਟਰੱਕ-ਟੈਂਪੂ-ਕਾਰਾਂ-ਬਸਾਂ ਤੇ ਸਕੂਟਰ ਸਭ ਕੁਝ ਹੀ ਇਸ ਸਫਰ ਵਿਚ ਵਾਧੂ ਸੀ। ਨਵੇਂ ਆਦਮੀ ਵਾਸਤੇ ਬੇ-ਹੱਦ ਡਰੌਣਾ ਸੀਨ। ਬਹੁਤ ਹੀ ਉਚੇ-ਉਚੇ ਤੋਂ ਉਚੇ ਰੁਖੇ ਪਹਾੜ। ਤੰਗਵਾਦੀ। ਜਿਉਂ ਜਿਉਂ ਅਸੀ ਪਹਾੜ ਦੇ ਤੰਗ ਤੇ ਉਚੇ ਰਸਤੇ ਉਤੇ ਰਸਤੇ ਉਤੇ ਤੇਜੀ ਨਾਲ ਵਧ ਰਹੇ ਸਾਂ। ਖਾਈ ਹੋਰ ਡੂੰਘੀ, ਬਹੁਤ ਡੂੰਘੀ ਹੁੰਦੀ ਜਾ ਰਹੀ ਸੀ। ਵਸੋਂ ਬਿਲਕੁਲ ਨਾਮ ਮਾਤਰ। ਹਰਿਆਲੀ ਵੀ ਆਖਰੀ ਸਾਹਾਂ ਤੇ। ਸੁਕਿਆ ਸੜਿਆਂ ਘਾਹ ਫੂਸ। ਕਿਤੇ ਕਿਤੇ ਡੂੰਘੀਆਂ ਜੋਲਾਂ ਵਿਚ ਮਾੜੇ ਮੋਟੇ ਰੱਖ। ਬਾਕੀ ਧੁੱਪ ਨਾਲ ਚਮਕ ਰਹੇ ਪੱਥਰ ਹੀ ਪੱਥਰ। ਬਹੁਤ ਹੀ ਉਚੇ ਰਬ ਨਾਲ ਗਲਾਂ ਕਰਦੇ ਪਰਬਤ ਇਥੇ ਮੈਨੂੰ ਭੂਤ ਨਜ਼ਰ ਆਏ ਸਨ।

## ਭੂਤ

ਮੰਡੀ, ਦਰਿਆ ਬਿਆਸਾ ਦੀ ਢਲਾਣ ਵਿਚ ਬਣੀ ਗੁਰੂ ਜੀ ਦੀ ਕੋਠੀ ਉਤੇ ਸੰਗਤ ਸਮੇਤ ਸਤਿਗੁਰਾਂ ਜੀ ਨਾਲ ਬਚਨ ਬਿਲਾਸ ਚਲ ਰਿਹਾ ਸੀ। ਦਿਨ ਛਿਪੇ ਭੂਤਾਂ ਤੋਂ ਸਾਰਿਆਂ ਨੂੰ ਹੀ ਡਰ ਲਗਦਾ ਹੈ। ਇਹ ਗਲ ਬਾਤ ਵੀ ਹਨੇਰੇ ਵਿਚ ਚਲ ਰਹੀ ਹੀ। ਗੁਰੂ ਜੀ ਤੇ ਕਈ ਸਿੰਘਾਂ ਦਾ ਮਤ ਸੀ ਬਾਣੀ ਵਿਚ ਲਿਖਿਆਂ ਹੈ "ਭੂਤ ਪ੍ਰੇਤ ਸੂਕਰ ਮ੍ਰਿਗਾਚ।" ਇਸ ਵਾਸਤੇ ਇਹ ਜੂਨਾਂ ਸਾਰੀਆਂ ਹੈਨ। ਬੇ-ਸ਼ਕ ਦਿਸਦੀਆਂ ਸਾਨੂੰ ਨਹੀਂ। ਸੰਤ ਤਰਸੇਮ ਸਿੰਘ ਜੀ ਭੂਤਾਂ ਦੇ ਖਿਲਾਫ ਦਲੀਲਾਂ ਦੇ ਰਹੇ ਸਨ। ਕੁਝ ਮਿੰਟਾਂ


Sri Satguru Jagjit Singh Ji eLibrary NamdhariElibrary@gmail.com

ਪਿਛੋਂ ਗੁਰੂ ਜੀ ਤੇ ਤਰਸੇਮ ਸਿੰਘ ਜੀ ਨੇ ਮੇਰੀ ਤਰਫ਼ ਦੇਖਿਆ।

ਗੁਰੂ ਜੀ ਇਸ ਵਾਸਤੇ ਵੇਖਿਆ ਕਿ ਰਜਿੰਦਰ ਦੀ ਦਲੀਲ ਮੇਰੇ ਖਿਲਾਫ ਜਾਵੇਗੀ ਸ਼ਾਇਦ ਅਤੇ ਤਰਸੇਮ ਸਿੰਘ ਜੀ ਨੇ ਇਸ ਵਾਸਤੇ ਵੇਖਿਆ ਕਿ ਇਹ ਮੇਰੀ ਹਾਂ ਵਿਚ ਹਾਂ ਮਿਲਾਵੇਗਾ।

ਮੈਂ ਕਿਹਾ—ਜੀ ਭੂਤ ਤਾਂ ਹੈਨ। ਜੇ ਨਾਂ ਹੁੰਦੇ ਤਾਂ ਰਹਿਰਾਸ ਦੇ ਟਾਈਮ ਉਤੇ ਇਥੇ ਨਾਂ ਔਂਦੇ। ਸੱਚਮੁਚ ਇਥੇ ਕੋਈ ਭੂਤ ਆ ਗਿਆ ਹੈ। ਤਦੇ ਤਾਂ ਇਸ ਵੇਲੇ ਭੂਤਾਂ ਉਤੇ ਬਹਿਸ ਛਿੜ ਪਈ ਹੈ। ਮੰਡੀ ਤਾਂ ਹਾਸੇ ਹਾਸੇ ਵਿਚ ਹੀ ਬਹਿਸ ਸਮਾਪਤ ਹੋ ਗਈ। ਪਰ ਇਥੇ ਜ਼ਰੂਰ ਹੀ ਭੂਤ ਸਨ। ਜੋ ਮੈਨੂੰ ਮੋੜ ਮੋੜ ਉਤੇ ਡਰਾ ਰਹੇ ਸਨ। ਇਸ ਸਾਰੀ ਸੜਕ ਉਤੇ ਕੋਈ ਵੀ ਸੇਫਟੀ ਕੰਧ ਜਾਂ ਕਿਨਾਰੇ ਉਤੇ ਪੱਥਰ ਨਹੀਂ ਰੱਖੇ ਹੋਏ। ਮੇਰੇ ਵਾਲੀ ਕਾਰ ਸੰਤ ਭਜਨੀਕ ਸਿੰਘ ਜੀ ਮੰਡੀ ਵਾਲਿਆਂ ਦੇ ਸਾਹਬ ਜ਼ਾਦੇ ਰਾਜੇ ਦੀ ਕਾਰਾਸੀ ਤੇ ਉਹੋ ਹੀ ਚਲਾ ਰਿਹਾ। ਇਹਨਾਂ ਦਾ ੬੦ ਕਿੱਲੇ ਦਾ ਬਾਗ, ਇਸ ੩੫ ਮੀਲ ਸਫਰ ਦੇ ਵਿਚਾਲੇ ਪੈਂਦਾ ਸੀ ਅਤੇ ਇਹਨਾਂ ਦਾ ਔਣ ਜਾਣ ਇਸ ਰਸਤੇ ਉਤੇ ਆਮ ਸੀ। ਜਿਸ ਵਾਸਤੇ ਇਹ ਨਾਲ ਗੱਡੀ ਚਲਾ ਰਿਹਾ ਸੀ ਅਤੇ ਬਾਗ ਦਾ ਇਤਿਹਾਸ ਵੀ ਦਸ ਰਿਹਾ ਸੀ। ਅਫ਼ਸੋਸ ਕੇਵਲ ਇਸ ਗਲ ਦਾ ਹੀ ਸੀ—ਕਿ ਇਹ ਬਾਗ਼ ਪਿਛਲੇ ਹੀ ਸਾਲ—ਉਹਨਾਂ ਪੰਜਾਹ ਹਜ਼ਾਰ ਦਾ ਵੇਚ ਦਿਤਾ ਸੀ। ਜਿਸਨੇ ਖ਼ੀਦਿਆ ਸੀ ਉਸਨੇ ਉਸੇ ਹੀ ਸਾਲ—ਏਸ ਬਾਗ ਦੇ ਫਲ ਤੋਂ ਪੰਜਾਹ ਹਜ਼ਾਰ ਖੱਟ ਲਿਆ ਸੀ।

ਅਬ ਪਛਤਾਵੇ ਕਿਆ ਹੋਤ। ਜਬ ਚਿੜੀਆਂ ਖਾਏ ਖੇਤ।

ਪਹਾੜ ਵਿਚ ਵੀਹ ਕਿਲੋ ਮੀਟਰ ਤੇ ਚਲ ਰਹੀ ਕਾਰ ਵੀ ਪੰਜਾਹ ਸੱਠ ਕਿਲੋ ਮੀਟਰ ਦਾ ਭਰਮ ਪੈਦਾ ਕਰ ਦਿੰਦੀ ਹੈ। ੩੫ ਕਿਲੋ ਮੀਟਰ ਏਹ ਸਫ਼ਰ ਡੇਢ ਘੰਟੇ ਵਿਚ ਮਸਾਂ ਮੁਕਿਆ। ਜਦੋਂ ਮਣੀ ਕਰਣ ਦਾ ਛੋਟਾ ਜੇਹੀ ਵਸੋਂ ਤੇ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ ਦਿਸਿਆਂ ਤਾਂ ਸ਼ਾਂਤੀ ਆਈ। ਨੀਵੇਂ ਥਾਂ, ਅਸਲੋਂ ਪਾਰਬਤੀ ਦਰਿਆ ਦੇ ਪਰਲੇ ਕਿਨਾਰੇ ਸ਼ਿਵਜੀ ਮਹਾਰਾਜ ਦਾ ਏਹ ਧਾਮ, ਫੈਲਿਆ ਹੋਇਆ ਹੈ।

ਦਰਿਆ ਉਤੇ ਬਣਿਆ ਪੁਲ ਸੰਤ ਹਰਨਰਾਇਣ ਜੀ ਨੇ ਬਣਵਾਇਆ ਹੈ ਸੰਗਤਾਂ ਨੂੰ ਪ੍ਰੇਰਕੇ। ਏਹ ਸੰਤ ੧੯੪੦ ਤੋਂ ਹੀ ਏਸ ਗੁਰਦੁਆਰੇ ਦੀ ਸੇਵਾ ਵਿਚ ਜੁਟੇ ਹੋਏ ਹੈਨ।

ਪਹਾੜੀ ਲੋਕ ਕਹਿੰਦੇ ਹੈਨ। ਏਹ ਉਹੀ ਪਹਾੜ ਹੈ, ਜਿਸ ਉਤੇ ਪਾਰਬਤੀ ਜੀ ਨੇ ਸ਼ਿਵ ਜੀ ਮਹਾਰਾਜ ਨੂੰ ਖੁਸ਼ ਖੁਸ਼ ਕਰਨ ਵਾਸਤੇ ਨੰਗੇ ਬਦਨ ਭਾਰੀ ਤੱਪਸਿਆਂ ਕੀਤੀ ਸੀ। ਉਸ ਵਕਤ ਏਹ ਪਹਾੜ ਬਰਫ਼ ਨਾਲ ਢਕੇ ਹੋਏ ਸਨ। ਪਾਰਬਤੀ ਜੀ ਦੀ ਸਾਧਨਾ ਨਾਲ ਜੋ ਗਰਮੀ ਪੈਦਾ ਹੋਈ ਉਸ ਨਾਲ ਸਾਰੀ ਬਰਫ਼ ਨੇ ਪਿਘਲ ਕੇ ਪਾਰਬਤੀ ਦਰਿਆ ਦਾ ਰੂਪ ਧਾਰਨ ਕਰ ਲਿਆ। ਜੋ ਅਜ ਤਕ ਕਾਇਮ ਹੈ। ਮਹਾਂ ਸਤੀ ਦੇ ਜਿਸਮ ਵਿਚੋਂ ਨਿਕਲਨ ਵਾਲਾ ਬ੍ਰਹਮ ਤੇਜ ਏਸ ਕਦਰ ਵਿਆਪਕ ਹੋ ਉਠਿਆ ਕਿ ਸ਼ਾਂਤ ਸੁਭਾ ਮਹਾਂ ਦੇਵ ਦੇ ਪਰਬਤ ਹਿਮਾਲੇ ਦੀ ਵੀ ਬਰਫ਼ ਪਿਘਲਨੀ ਸ਼ੁਰੂ ਹੋ ਗਈ ਅਤੇ ਉਸ ਗਰਮੀ ਨਾਲ ਸ਼ਿਵਜੀ ਮਹਾਰਾਜ ਦੀ 'ਯੋਗ ਅਗਨੀ' ਮੱਧਮ ਪੈਣ ਲਗੀ। ਸ਼ਿਵਜੀ ਮਹਾਰਾਜ ਦਾ ਧਿਆਨ ਉਚਾਟ ਹੋ ਗਿਆ। ਏਥੋਂ ਹੀ ਦਿਵਯ ਦ੍ਰਿਸ਼ਟੀ ਨਾਲ ਉਹਨਾਂ ਨੇ ਪਾਰਬਤੀ ਜੀ ਦੇ ਧਿਆਨ ਮਗਨ ਸ਼ਰੀਰ ਨੂੰ ਵੇਖਿਆ। ਜਿਸ ਵਿਚੋਂ ਸੂਰਜ ਦੀ ਤਰਾਂ ਤੇਜ ਪ੍ਰਕਾਸ਼ ਨਿਕਲ ਰਿਹਾ ਸੀ। ਤੇਜੀ ਨਾਲ ਮਹਾਂਦੇਵ ਆਸਨ ਤੋਂ ਉੱਠੇ ਅਤੇ ਪਾਰਬਤੀ ਜੀ ਨੂੰ ਕਹਿਣ ਲਗੇ—ਹੇ ਮਹਾਂ ਸਤੀ ਪਾਰਬਤੀ! ਤੇਰੀ ਤਪਸਿਆ ਸਫਲ ਹੋਈ। ਮੰਗ ਕੀ ਚਾਹੁੰਦੀ ਹੈ ਤੂੰ।

ਹੇ ਮਹਾਂ ਪ੍ਰਭੂ ਮੇਰੀ ਇਕੋ ਹੀ ਮੰਗ ਹੈ—ਤੇਰੇ ਵਿਚ ਅਭੇਦ ਹੋ ਜਾਣ ਦੀ।

ਸ਼ਿਵ ਜੀ ਮਹਾਰਾਜ ਨੇ ਜਿਉਂ ਹੀ 'ਤਥਾ ਅਸਤੂ' ਕਿਹਾ। ਪਾਰਬਤੀ ਪ੍ਰਭੂ ਚਰਨਾਂ ਨਾਲ ਲਿਪਟ ਗਈ ਅਤੇ ਉਹ ਸਾਰੀ ਗਰਮੀ ਇਸ ਪਹਾੜ ਦੇ ਅੰਦਰ ਸਮਾਂ ਗਈ। ਉਸੇ ਗਰਮੀ ਸਦਕਾ ਹੀ ਅਜ ਤਕ ਏਹ ਪਹਾੜੀ ਸਿਲਸਿਲਾ ਅਦਰੋਂ ਗਰਮ ਹੈ ਜੋ ਮੀਲਾਂ ਤਕ ਫੈਲਿਆਂ ਹੋਇਆ ਹੈ। ਉਸੇ ਕਰਕੇ ਹੀ ਅਜ ਤਕ ਪਾਣੀ ਉਬਲ ਰਿਹਾ ਹੈ ਏਥੇ। ਏਸ ਪਹਾੜ ਨੂੰ ਜਿਥੋਂ ਵੀ ਪਟੋਗੇ। ਉਬਾਲੇ ਮਾਰਦਾ ਪਾਣੀ ਹੀ ਨਿਕਲੇਗਾ ਜਾ ਪਾਣੀ ਵਿਚੋਂ ਨਿਕਲਦੀ ਗਰਮ ਭਾਫ਼। ਪਾਰਬਤੀ ਦਰਿਆ ਦਾ ਇਕ ਪਾਸਾ ਠੰਢਾ ਠਾਰ ਤੇ ਦੂਸਰਾ ਪਾਸਾ ਅੱਗ ਦੇ ਅੰਗਾਰ। ਦਰਿਆ ਦੇ ਦੂਸਰੇ ਪਾਸੇ ਉਬਲਦੇ ਪਾਣੀ ਦੇ ਕੁੰਡ ਹੈਨ। ਸਿਆਲ ਵਿਚ, ਪਹਾੜ ਦੇ ਏਸ ਸਿਲਸਿਲੇ ਉਤੇ ਬਰਫ਼ ਹੀ ਬਰਫ਼ ਨਜ਼ਰ ਔਂਦੀ ਹੈ। ਸਾਰਾ ਇਲਾਕਾ ਬਰਫ਼ ਨਾਲ ਢਕ ਹੋ ਜਾਂਦਾ ਹੈ। ਪਰ ਜਿਥੇ ਜਿਥੇ ਲੋਕਾਂ ਨੇ ਘਰ ਬਣਾਏ ਛਤਾਂ ਪਾ ਲਈਆਂ ਹੈਨ। ਉਹ ਘਰ ਸਿਆਲ ਵਿਚ ਏਅਰ ਕੰਡੀਸ਼ਨ ਹੀ ਬਣੇ ਰਹਿੰਦੇ ਹੈਣ ਗਰਮ-ਗਰਮ। ਏਹਨਾਂ ਅੰਦਰ ਰਹਿਣ ਵਾਲੇ ਆਦਮੀਆਂ ਨੂੰ ਸਿਆਲ ਵਿਚ ਵੀ ਰਜਾਈ ਦੀ ਲੋੜ ਨਹੀਂ ਰਹਿੰਦੀ। ਪਰ ਗਰਮੀ ਜ਼ਰੂਰ ਮੁਸ਼ਕਲ ਪੈਦਾ ਕਰਦੀ ਹੈ। ਉਸ ਵੇਲੇ ਬਾਹਰ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਚਮੜੀ ਦੇ ਰੋਗੀ ਤੇ ਵਾ ਸਾਰਿਆਂ ਲਈ ਮਨੀ ਕਰਨ ਦਾ ਇਸ਼ਨਾਨ ਰਾਮ ਬਾਣ ਔਸ਼ਧੀ ਹੈ।


Sri Satguru Jagjit Singh Ji eLibrary NamdhariElibrary@gmail.com

ਮਨੀਕਰਨ ਦੀ ਏਸ ਨਗਰੀ ਵਿਚ ਅੱਗ ਬਹੁਤ ਘਟ ਬਾਲੀ ਜਾਂਦੀ ਹੈ। ਕੇਵਲ ਹੁੱਕੀਆਂ ਉਤੇ ਰਖਣ ਵਾਸਤੇ ਹੀ ਕੋਲੇ ਬਣਾਏ ਜਾਂਦੇ ਹੈਨ । ਚਸ਼ਮੇ ਦਾ ਪਾਣੀ ਏਨਾਂ ਤੇਜ਼ ਗਰਮ ਹੈ ਕਿ ਦਾਲ ਚੌਲ ਸਬਜੀ ਭਾਜ਼ੀ ਤੇ ਰੋਟੀਆਂ, ਏਸੇ ਉਬਲਦੇ ਪਾਣੀ ਵਿਚ ਰਖਕੇ ਪਕਾ ਲਈਆਂ ਜਾਂਦੀਆਂ ਹੈਨ। ਚਾਏ ਪਾਣੀ ਏਸ ਤਰਾਂ ਹੀ ਤਿਆਰ ਕੀਤਾ ਜਾਂਦਾ ਹੈ। ਹਾਂ ਇਸ਼ਨਾਨ ਵਾਸਤੇ ਛੋਟਾ ਤਾਲਾਬ ਵੀ ਸੰਤਾਂ ਨੇ ਏਥੇ ਤਿਆਰ ਹੋਇਆਂ ਹੈ ਜੋ ੪੯-੨੫ ਮੁਰਬਾ ਫੁਟ ਚੋੜਾ ਹੈ ਤੇ ਏਸ ਦਾ ਪਾਨੀ ਇਸ਼ਨਾਨ ਕਰਨ ਯੋਗ ਹੈ । ਦੱਸਿਆ ਨਹੀਂ ਵੇਖਿਆ ਹੀ ਪੂਰਾ ਅਨੰਦ ਲੈ ਸਕਦੇ ਹੋ।

ਪਹਿਲਾਂ ਕਿਸੇ ਸਾਲ ਮਹਾ ਪ੍ਰਭੂ ਸਤਿਗੁਰੂ ਜਗਜੀਤ ਸਿੰਘ ਜੀ ਵੀ ਮਨੀਕਰਣ ਦਰਸ਼ਨ ਦੇ ਆਏ ਹੈਨ ਅਤੇ ਸੰਤ ਹਰੀ ਨਰਾਇਣ ਜੀ ਸਤਿਗੁਰੂ ਜੀ ਦੀ ਉਸਤਤ ਕਰਦੇ ਨਹੀਂ ਥਕਦੇ। ਉਹਨਾ ਸਾਨੂੰ ਦਸਿਆ, ਏਥੇ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੇ ਦਰਸ਼ਨ ਹੋਣਗੇ। ਏਹ ਕਥਾ ਬਹੁਤ ਲੰਬੀ ਹੈ, ਉਹਨਾਂ ਕਿਹਾ ਰਾਤ ਏਥੇ ਠਹਿਰੋ। ਫੇਰ ਹੀ ਸਾਰੀ ਕਥਾ ਸੁਣ ਸਕੋਗੇ। ਏਹ ਕਥਾ ਸੰਸਕ੍ਰਿਤ ਸ਼ਲੋਕਾਂ ਵਿਚ ਹੀ ਸੁਣਾ ਕੇ ਫੇਰ ਅਨੁਵਾਦ ਕਰਦੇ ਹੈਨ ਹਰੀ ਨਰਾਇਨ ਜੀ!

ਏਸ ਧਰਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਦਰਸ਼ਨ ਦੇ ਕੇ ਨਿਵਾਜਿਆ ਹੈ। ਪਰ ਗੁਰਦਵਾਰਾ ਗੁਰੂ ਨਾਨਕ ਜੀ ਦੇ ਨਾਮ ਨਾਲ ਹੀ ਪ੍ਰਸਿਧ ਹੈ। ਦਰਬਾਰ ਸਾਹਿਬ ਦੇ ਪਾਠ ਹਮੇਸ਼ਾ ਜਾਰੀ ਰਹਿੰਦੇ ਹੈਨ। ਠਿਕਾਣੇ ਮੁਤਾਬਕ ਸੰਗਤ ਵੀ ਏਥੇ ਜੁੜੀ ਰਹਿੰਦੀ ਹੈ। ਕਈ ਹਜ਼ਾਰ ਫੁੱਟ ਰਕਬਾ ਤਿਮੰਜ਼ਲਾ ਛਤਿਆ ਹੋਇਆ ਹੈ। ਇਮਾਰਤ ਮਜ਼ਬੂਤ ਤੇ ਸੋਹਣੀ ਸੋਹਣੀ ਪ੍ਰਤੀਤ ਹੁੰਦੀ ਹੈ।

ਸੰਤਾਂ ਦੀਆਂ ਦੋ ਧੀਆਂ ਹੈਨ। ਜੋ ਏਥੇ ਹੀ ਰਹਿੰਦੀਆਂ ਹੈਨ। ਵਡੀ ਦਾ ਪਤੀ ਪਰਮੇਸ਼ਰ ਵੀ ਏਥੇ ਹੀ ਸੰਗਤ ਦੀ ਸੇਵਾ ਵਿਚ ਜੁਟਿਆ ਰਹਿੰਦਾ ਹੈ। ਸੰਤਾਂ ਦੀ ਦੂਸਰੀ ਲੜਕੀ ਸੰਨਿਆਸਣ ਜਾਂ ਬ੍ਰਹਮਚਾਰਨੀ ਬਣ ਚੁਕੀ ਹੈ। ਅਤੇ ਰਾਤ ਦਿਨ ਸੰਗਤ ਦੀ ਸੇਵਾ ਵਿਚ ਲਗੀ ਰਹਿੰਦੀ ਹੈ। ਸਾਨੂੰ ਉਸ ਨੇ ਦੁਧ ਚਾਹ ਛਕਾ ਕੇ ਹੀ ਹਿਲਣ ਦਿਤਾ। ਜਰਮਨ ਉਦਯੋਗ ਨਾਲ ਤਿਆਰ ਕੀਤੀਆਂ ਨਸਲਾਂ ਦੀਆਂ ਗਾਈਆ ਵੀ ਏਥੇ ਰਖੀਆਂ ਹੈਨ। ਜੋ ਦੁਧ ਦੀ ਬੇ-ਪ੍ਰਵਾਹੀ ਬਣਾਈ ਰਖਦੀਆਂ ਹਨ ਅਤੇ ਬਨਾਵਟੀ ਖਲ੍ਹ ਨਾਲ ਜਾਂ ਪਸ਼ੂਆਂ ਦੇ ਰਾਸ਼ਨ ਨਾਲ ਇਕ ਕਮਰਾ ਡਟਿਆ ਪਿਆ ਸੀ।

ਜਦੋਂ ਅਸੀਂ ਸੰਤਾਂ ਦੇ ਦਰਸ਼ਨ ਕਰਨ ਗਏ। ਉਹ ਕਾਫੀ ਦੂਰ ਇਕ ਸੜਕ ਦੀ ਤਾਮੀਰ ਵਿਚ ਜੁਟੇ ਹੋਏ ਸਨ। ਹਥੀਂ ਸੇਵਾ ਦਾ ਆਦਰਸ਼ ਨਮੂਨਾ। ੭੦-੭੫ ਸਾਲ ਦੀ ਉਮਰ ਹਸੂੰ ਹਸੂੰ ਕਰਦਾ ਬੜਾ ਹੀ ਖੁਸ਼-ਖੁਸ਼ ਤੰਦਰੁਸਤਚੇਹਰਾ। ਜੇਹੜੀ ਸੜਕ ਹਰੀ ਨਰਾਇਣ ਜੀ ਬਣਾ ਰਹੇ ਹਨ। ਏਸ ਸੜਕ ਨੂੰ ਬਣਨ ਤੋਂ ਪਿੰਡਾਂ ਦੇ ਲੋਕ ਰੋਕ ਰਹੇ ਸਨ। ਜਦੋਂ ਐਸ. ਡੀ. ਐਮ. ਤੇ ਪੁਲੀਸ ਅਫ਼ਸਰਾਂ ਨੇ ਲੋਕਾਂ ਤੋਂ ਪੁਛਿਆ ਸੜਕ ਬਨਾਉਣ ਉਤੇ ਤੁਹਾਨੂੰ ਕੀ ਇਤਰਾਜ਼ ਹੈ? ਤਾਂ ਕਹਿਣ ਲਗੇ ਸੜਕ ਏਹ ਕਿਉਂ ਬਣਾਉਂਦੇ ਹਨ। ਸਰਕਾਰ ਬਣਾਏ।

ਸੰਤ ਤੁਹਾਨੂੰ ਏਸ ਸੜਕ ਉਤੇ ਤੁਰਨੋਂ ਰੋਕਦੇ ਹੈਨ? ਅਫਸਰ ਨੇ ਕਿਹਾ—ਨਹੀਂ ਜੀ ਰੋਕਦੇ ਤਾਂ ਨਹੀਂ। ਪਰ... ਲੋਕਾਂ ਕਿਹਾ—

ਪਰ ਦਾ ਕੀ ਮਤਲਬ—ਜਾਂ ਤੁਸੀਂ ਬਣਾਓ ਜਾਂ ਏਹਨਾਂ ਨੂੰ ਬਣੋਣ ਦਿਓ।

ਆਪ ਤਾਂ ਵਿਚਾਰਿਆਂ ਨੇ ਕੀ ਬਣੌਣੀ ਸੀ ਸੜਕ। ਕੇਵਲ ਰੌਲਾ ਹੀ ਪੌਣਾ ਸੀ।

ਸੋ ਸੰਤਾਂ ਨੂੰ ਆਗਿਆ ਮਿਲ ਗਈ। ਏਸ ਝਗੜੇ ਦਾ ਕਾਰਨ ਏਹ ਸੜਕ ਨਹੀਂ ਸਗੋਂ ਗੁਰਦੁਆਰੇ ਦੀ ਪੂਜਾ ਤੇ ਪ੍ਰਤਿਸ਼ਠਾ ਹੈ। ਨਵੇਂ ਪੁਲ ਦਾ ਨੀਂਹ ਪਥਰ ਰਖਣ ਵਾਸਤੇ ਜਦੋਂ ਮੁਖ ਮੰਤਰੀ ਵੀਰ ਭਦਰ ਸਿੰਘ ਤੇ ਸਰਦਾਰ ਬੂਟਾ ਸਿੰਘ ਏਥੇ ਆਏ ਉਦੋਂ ਵੀ ਮਨੋ ਮਨੀ ਏਹਨਾਂ ਨੇ ਰੋਸ ਪ੍ਰਗਟ ਕੀਤਾ ਸੀ। ਕਿਉਂਕਿ ਏਸ ਨਾਲ ਵੀ ਗੁਰਦੁਆਰੇ ਦੀ ਹੀ ਪ੍ਰਤਿਸ਼ਠਾ ਵਧੀ ਸੀ।

ਏਹਨਾ ਗਰਮ ਕਮਰਿਆਂ ਤੋਂ ਸਬਜ਼ੀਆਂ ਦਾਲਾਂ ਤੇ ਧਾਨ ਵਗੈਰਾ ਸੁਕੌਣ ਦਾ ਵੀ ਕੰਮ ਲੈਂਦੇ ਹੈਨ। ਏਸ ਤੋਂ ਹੋਰ ਅਗੇ ਕਹਿੰਦੇ ਨੇ ਬਹੁਤ ਖੂਬਸੂਰਤ ਝਰਨੇ ਤੇ ਦਰਸ਼ਨੀ ਸਥਾਨ ਹਨ। ਜੋ ਬਰਫ ਦੀਆਂ ਢੱਕੀਆਂ ਹੋਈਆਂ ਪਹਾੜੀਆਂ ਦੇ ਨਾਲ ਲਗਦੇ ਹਨ। ਭੋਜ ਪਤਰ ਦੇ ਜੰਗਲ ਵੀ ਏਥੋਂ ਹੀ ਸ਼ੁਰੂ ਹੁੰਦੇ ਹਨ। ਅਤੇ ਏਥੇ ਹੀ ਜੜ੍ਹੀ ਬੂਟੀਆਂ ਦੇ ਵਿਸ਼ਾਲ ਭੰਡਾਰ ਹੈਨ। ਏਥੋਂ ਜੋ ਬੂਟੀਆਂ ਮੁਫਤ ਮਿਲਦੀਆਂ ਹੈਨ, ਮੈਦਾਨੀ ਇਲਾਕੇ ਵਿਚ ਆਕੇ ਉਹੋ ਬੂਟੀਆਂ ਤੋਲਿਆਂ ਤੇ ਮਾਸਿਆਂ ਦੇ ਭਾਅ ਵਿਕਦੀਆਂ ਹੈਨ।

ਪੰਡਿਤ ਜੀ ਦਸਦੇ ਹੁੰਦੇ ਨੇ—ਮਨ ਤੇ ਸਰੀਰ ਦੇ ਤਿੰਨ ਤਿੰਨ ਰੂਪ ਹੁੰਦੇ ਹੈਨ। ਸਥੂਲ, ਸੂਖਮ ਤੇ ਅਤੀ ਸੂਖਮ। ਸਥੂਲ ਸਰੀਰ ਤੇ ਸਥੂਲ ਮਨ ਨੂੰ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ, ਜੇਹੇ ਜੇਹੇ ਕੰਮ ਕਰਦੇ ਹੈਨ। ਦੁਨੀਆ ਦਾਰੀ ਦੇ ਸਾਰੇ ਕੰਮ, ਸਥੂਲ ਸਰੀਰ ਤੇ ਸਥੂਲ ਮਨ ਹੀ ਕਰਦੇ ਹੈਨ। ਸੂਖਮ ਮਨ ਸੁਪਨਿਆਂ ਦਾ ਸੰਸਾਰ ਸਿਰਜਦਾ ਹੈ। ਅਤੇ ਅਕਾਸ਼ ਉਡਾਰੀਆਂ ਮਾਰਦਾ ਹੈ। ਅਤੀ ਸੂਖਮ ਮਨ, ਨਾ ਤਾਂ ਗਲਤ ਕੰਮ ਕਰਦਾ ਹੈ ਤੇ ਨਾ ਹੀ ਸੂਖਮ ਸਰੀਰ ਨੂੰ ਕਰਨ ਦਿੰਦਾ ਹੈ। ਅਧਿਆਤਮ ਦਾ ਦੂਸਰਾ ਨਾਮ ਹੀ ਅਤੀ ਸੂਖਮ ਮਨ ਤੇ ਤਨ ਹੁੰਦਾ ਹੈ। ਏਸੇ ਸੂਖਮ ਨੂੰ ਪਹਿਲਾਂ ਪਤਾ ਲਗਦਾ ਹੈ ਕਿ


Sri Satguru Jagjit Singh Ji eLibrary NamdhariElibrary@gmail.com

ਮੇਰੇ ਭਗਤ ਨੂੰ ਕਿਥੇ ਬਿਪਤਾ ਬਣੀ ਹੈ। ਫੇਰ ਉਥੇ ਜਾ ਕੇ ਤਨ ਤੇ ਮਨ ਉਸਦੀ ਰਖਿਆ ਕਰਦੇ ਹੈਨ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਨੂੰ ਸ਼ੇਰ ਤੋਂ ਬਚਾਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਮਖਣ ਸ਼ਾਹ ਲੁਬਾਣੇ ਦਾ ਜਹਾਜ਼ ਡੁਬਣੋਂ ਬਚਾਇਆ ਸੀ। ਬਾਬਾ ਰਾਮ ਰਾਏ ਜੀ ਏਸੇ ਤਰ੍ਹਾਂ ਆਪਣੇ ਇਕ ਸਿਖ ਦੀ ਸਹਾਇਤਾ ਵਾਸਤੇ ਗਏ ਸਨ। ਮਸੰਦਾਂ ਨੇ ਜ਼ਬਰਦਸਤੀ ਮਾਤਾ ਜੀ ਕੋਲੋਂ ਉਹਨਾ ਦਾ ਸਮਾਧੀ-ਸਥਿਤ, ਸਰੀਰ ਖੋਹ ਕੇ ਫੂਕ ਦਿਤਾ ਸੀ। ਅਤੇ ਰਾਮ ਰਾਏ ਜੀ ਦੀ ਆਤਮਾ ਨੇ ਹੀ ਆਪਣੇ ਮਸੰਦਾਂ ਨੂੰ ਸਰਾਪ ਦਿਤਾ ਸੀ—ਮੈਨੂੰ ਜਿਉਂਦੇ ਨੂੰ ਤੁਸੀਂ ਅਗਨ ਭੇਟ ਕੀਤਾ ਹੈ, ਤੁਹਾਨੂੰ ਵੀ ਜਿਉਂਦਿਆਂ ਨੂੰ ਹੀ ਸਾੜਿਆ ਜਾਵੇਗਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਮਾਤਾ ਜੀ ਦੀ ਬੇਨਤੀ ਉਤੇ ਮਸੰਦਾਂ ਦੇ ਸਿਰ ਵਿਚ ਤੱਤਾ ਤੇਲ ਪਾ ਕੇ ਸਾੜਿਆ ਸੀ।

ਮੇਰਾ ਵੀ ਅਤੀ ਸੂਖਮ, ਸਰੀਰ ਤੇ ਮਨ ਸਾਰਾ ਸਿਆਲ, ਏਸੇ ਧਰਤੀ ਉਤੇ ਰਹਿਣਾ ਚਾਹੁੰਦਾ ਸੀ। ਜੰਮਿਆ ਹੋਇਆ ਪਾਰਬਤੀ ਦਰਿਆ, ਬਰਫ਼ ਨਾਲ ਲਦੇ ਪਰਬਤ, ਝਰ ਝਰ ਪੈਂਦੀ ਦਰਖਤਾਂ ਉਤੋਂ ਬਰਫ ਦੀ ਫੁਹਾਰ ਅਤੇ ਨਿਘੇ ਨਿਘੇ ਗੁਰਦੁਆਰੇ ਦੇ ਕਮਰੇ। ਗਰਮ ਗਰਮ ਪਾਣੀ ਇਸ਼ਨਾਨ ਕਰਨ ਵਾਸਤੇ। ਮੈਨੂੰ ਕਰਨਾ ਤਾਂ ਸਿਰਫ ਏਹੋ ਪੈਂਣਾ ਸੀ। ਦਰਬਾਰ ਸਾਹਿਬ ਦਾ ਪਰਕਾਸ਼। ਗੁਰਬਾਣੀ ਦੇ ਇਕ ਦੋ ਸ਼ਬਦ ਗਾਕੇ ਸੁਣੌਣੇ ਸੰਗਤ ਨੂੰ। ਅਤੇ ਫੇਰ ਰਾਤ ਨੂੰ ਥੋੜ੍ਹਾ ਜਿੰਨਾ ਕਥਾ ਕੀਰਤਨ। ਪਰ ਕਾਹਲੀ ਪਈ ਸੰਗਤ ਨੇ ਮੇਰੇ ਸੂਖਮ ਮਨ ਦੇ ਸਾਰੇ ਸਪਨੇ ਚੂਰ ਕਰ ਦਿਤੇ। ਚਲੋ ਜੀ ਚਲੋ, ਛੇਤੀ ਚਲੋ। ਹਨੇਰਾ ਹੋ ਰਿਹਾ ਹੈ। ਕਦੋਂ ਭੈਂਤਰ ਪਹੁੰਚੇ ਤੇ ਕਦੋਂ ਗਏ ਮੰਡੀ। ਚਲੋ ਏਹ ਵੀ ਚੰਗਾ ਹੀ ਹੋਇਆ ਕਿਉਂਕਿ ਮੇਰੀਆਂ ਰੰਗੀਨ ਐਨਕਾਂ ਜੋ ਬਰਫ ਵਿਚ ਕੰਮ ਔਂਦੀਆਂ ਹੈਨ ਤੇ ਗਰਮ ਕੋਟ ਭੀ ਭੈਂਤਰ ਹੀ ਰਹਿ ਗਿਆ ਸੀ।

ਰਵਾਲ ਸਰ ਦੀ ਯਾਤਰਾ ਬਹੁਤ ਪਹਿਲਾਂ ਆਉਣੀ ਚਾਹੀਦੀ ਸੀ। ਪਰ ਭੁਲ ਤਾਂ ਭੁਲ ਹੀ ਹੈ।

ਗੁਰਮੁਖ ਸਿੰਘ ਕੈਮਰਾ ਮੈਨ ਦੇ ਦਿਲ ਵਿਚ ਖਿਆਲ ਆਇਆ-ਰਵਾਲ ਸਰ ਵੇਖਣ ਦਾ। ਉਹ ਸਕੀਮ ਬਣਾ ਰਿਹਾ ਸੀ—ਸਕੂਟਰ ਤੇ ਜਾਣ ਦੀ। ਮੈਂ ਵੀ ਏਹ ਗਲ ਸੁਣ ਲਈ। ਤੇ ਉਸ ਨੂੰ ਕਿਹਾ ਸਤਿਗੁਰੂ ਜੀ ਕੋਲੋਂ ਇਜਾਜ਼ਤ ਲੈ ਕੇ ਚਲਾਂਗੇ। ਮੈਂ ਵੀ ਦੋਬਾਰਾ ਦਰਸ਼ਨ ਕਰ ਆਵਾਂਗਾ, ਸਤਿਕਾਰ ਯੋਗ ਸੰਤ ਤਰਸੇਮ ਸਿੰਘ ਜੀ ਨੂੰ ਮਨ ਦੀ ਵਿਥਿਆ ਦਸੀ ਮੈਂ ਏਹ ਦਾਸਤਾਨ ਅਗੇ ਤੋਂ ਅਗੇ ਵਧਦੀ ਚਲੀ ਗਈ। ਤਰਸੇਮ ਸਿੰਘ ਜੀ ਦੇ ਪਿਆਰੇ ਦੋਸਤ ਤੇ ਸਤਿਗੁਰਾਂ ਦੇ ਅਨਿਨ ਭਗਤ ਰੇਸ਼ਮ ਸਿੰਘ ਜੀ। ਏਹ ਵੀ ਪਿਛੇ ਕਦੋਂ ਰਹਿਣ ਵਾਲੇ ਸਨ।

ਤਰਸੇਮ ਸਿੰਘ ਜੀ ਨੇ ਸਤਿ ਗੁਰੂ ਜੀ ਕੋਲ ਅਰਜ਼ ਕਰ ਦਿਤੀ। ਉਹਨਾਂ ਨੇ ਪੂਰੀ ਫਰਾਖ ਦਿਲੀ ਨਾਲ ਕਹਿ ਦਿਤਾ—

"ਜੋ ਜਾਣਾ ਚਾਹੁੰਦੇ ਹੈਨ ਚਲੇ ਜਾਣ। ਪਰ ਮੈਂ ਏਥੇ ਈ ਰਹਾਂਗਾ।"

ਏਹ ਕਿਵੇਂ ਹੋ ਸਕਦਾ ਸੀ—ਸਤਿਗੁਰੂ ਜੀ ਕੋਠੀ ਰਹਿਣ ਤੇ ਪ੍ਰਾਈਵੇਟ ਸੈਕਟਰੀ-ਰਵਾਲ ਸਰ ਚਲਾ ਜਾਏ। ਸਤਿਗੁਰੂ ਜੀ ਤਾਂ "ਬੈਡਮਿੰਟਨ ਦੀ ਖੇਡ ਵਿਚ ਰੁੱਝ ਗਏ" ਤੇ ਤਰਸੇਮ ਸਿੰਘ ਜੀ ਸ਼ਸ਼ੋ ਪੰਜ ਵਿਚ ਪੈ ਗਏ। ਏਸ ਉਲਝਨ ਨੂੰ ਠੀਕ ਕਰਨਾ ਹੁਣ ਤਰਸੇਮ ਸਿੰਘ ਜੀ ਦਾ ਕੰਮ ਰਹਿ ਗਿਆ ਸੀ। ਯਾਰ ਲੋਕ ਮੌਜ ਮੇਲਾ ਵੇਖਣ ਵਾਲੇ ਪਾਸੇ ਹੋ ਗਏ।

ਤਰਸੇਮ ਸਿੰਘ ਸਿੰਘ ਜੀ ਨੇ ਫੇਰ ਅਰਜ਼ ਕੀਤੀ—ਸਚੇ ਪਾਤਿਸਾਹ! ਤੁਸੀਂ ਵੀ ਚਲੋ?

ਸਤਿਗੁਰੂ ਜੀ ਕਿਹਾ—ਮੈਂ ਨਹੀਂ ਜਾਣਾ! ਤੁਸੀਂ ਜੇਹੜੇ ਵੀ ਜਾਣਾ ਚਾਹੁੰਦੇ ਹੋ ਚਲੇ ਜਾਓ।

ਦਸ ਮਿੰਟਾਂ ਪਿਛੋਂ ਤਰਸੇਮ ਸਿੰਘ ਜੀ ਫੇਰ ਬੇਨਤੀ ਕੀਤੀ! ਦੀਨ ਦਿਆਲ ਤੁਸੀਂ ਵੀ ਚਲੋ। ਏਸ ਤਰ੍ਹਾਂ ਸਾਨੂੰ ਜਾਣ ਦਾ ਸੁਆਦ ਨਹੀਂ ਆਉਂਦਾ।

ਸਤਿਗੁਰਾਂ ਕਿਹਾ—ਤੁਸੀਂ ਜਾਓ! ਤੇ ਚਲੇ ਜਾਓ!! ਅਤੇ ਦਰਸ਼ਨ ਕਰ ਆਓ। ਮੈਂ ਅਜ ਕੋਠੀ ਹੀ ਰਹਿ ਕੇ ਬਦਾਮਾਂ ਦੇ ਬੂਟਿਆਂ ਦੀ ਦੇਖ ਭਾਲ ਕਰਾਵਾਂਗਾ। ਅਤੇ ਤਾਰ ਦਾ ਵੀ ਹਾਲ ਚਾਲ ਵੇਖਾਂਗਾ ਜਿਥੇ ਬਿਆਸਾ ਨੇ ਹੜਾਂ ਦੇ ਮੌਕੇ ਉਤੇ ਪੰਜ ਫੁਟ ਰੇਤ ਚਾਹੜ ਦਿਤੀ ਹੈ।

ਪਤਾ ਨਹੀਂ ਏਹ ਕਸ਼ਮਕਸ਼ ਕਿਤਨੀ ਦੇਰ ਚਲਦੀ ਰਹੀ। ਆਖਰ—

"ਬਾਂਧੈ ਭਗਤੁ ਨ ਛੂਟੈ ਮੋਹਿ।"

ਪ੍ਰਸ਼ਾਦ ਪਾਣੀ ਛੱਕ ਕੇ-ਸਤਿਗੁਰੂ ਜੀ ਸਮੇਤ ਸਾਰਾ ਜਥਾ ਰਵਾਲ ਸਰ ਪਹੁੰਚ ਗਿਆ। ਏਸ ਜਥੇ ਨਾਲ ਯੰਗ ਰਖਸ਼ਕ-ਜੋ-ਬਹੁਤੇ ਹਿੰਦੂ ਸਨ—ਏਹਨਾਂ-ਦੇਵ ਦਰਸ਼ਗਾਹਾਂ—ਨੂੰ ਵੇਖ ਵੇਖ ਡਾਢੇ ਖੁਸ਼ ਹੋ ਰਹੇ ਸਨ। ਤਲਾਬ ਵਿਚ ਤਰਦੇ ਟਿੱਲੇ ਹੁਣ ਇਕ ਕਿਨਾਰੇ ਉਤੇ ਕਠੇ ਹੋ ਕੇ ਠਹਿਰ ਗਏ ਸਨ। ਜੋ ਰਵਾਲ ਸਰ ਦਾ ਮਹਤਵਪੂਰਨ ਆਕਰਸ਼ਨ ਸਨ। ਰਵਾਲ ਸਰ ਦੇ ਪੰਡੇ ਹਰਦੁਆਰ ਜਾਂ ਕਾਂਸ਼ੀ ਵਰਗੇ ਨਹੀਂ ਹੈਨ। ਵਰਨਾਂ ਖਲੋਤੇ ਹੋਏ ਤੁਲਿਆਂ ਦੀ ਥਾਂ ਹੋਰ ਪਥਰ ਵੀ ਤਰਿ ਸਕਦੇ ਸਨ। ਕਿਉਂਕਿ ਕਸ਼ਮੀਰ ਵਿਚ ਬਹੁਤ ਸਾਰੀ ਖੇਤੀ ਏਹਨਾਂ ਤਰਦੇ ਹੋਏ ਤੁਲ੍ਹਿਆਂ ਉਤੇ ਹੀ ਕੀਤੀ ਜਾਂਦੀ ਹੈ।

ਹੁਣ ਰਵਾਲ ਸਰ ਦੀ ਫਿਰਨੀ ਪੱਕੀ ਤੇ ਸੰਗਮਰਮਰ ਦੀ ਬਣ ਚੁੱਕੀ ਹੈ। ਪਰ ਰਿਖੀ ਦੇ ਮੰਦਰ ਦਾ ਪ੍ਰਭਾਵ ਕਾਫੀ


Sri Satguru Jagjit Singh Ji eLibrary NamdhariElibrary@gmail.com

ਮਾਂਦਾ ਪੈ ਗਿਆ ਦਿਸਦਾ ਹੈ।

ਰਵਾਲ ਸਰ ਦਾ ਸੰਬੰਧ ਸਿਖ ਸੰਗਤ ਨਾਲ ਖਾਸ ਤੌਰ ਉਤੇ ਜੁੜਿਆ ਹੋਇਆ ਹੈ। ਏਹਨਾਂ ਪਹਾੜਾਂ ਦਾ ਯਖਸ਼ ਸਰਦਾਰ, ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਸੀ। ਉਸੇ ਦੀ ਭਗਤੀ ਸਦਕਾ ਗੁਰੂ ਜੀ ਦਾ ਜਾਣ ਆਉਣ ਏਥੇ ਕਾਫੀ ਰਹਿੰਦਾ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ, ਤਿਬਤ ਦੇ ਯਾਤਰੀ ਵੀ ਏਥੇ ਲੋਮਸ ਮੰਦਰ ਦਾ ਦਰਸ਼ਨ ਕਰਨ ਆਉਂਦੇ ਸਨ। ਉਹਨਾਂ ਲਾਮਿਆਂ ਦੇ ਗਲਾਂ ਵਿਚ ਪਿਤਲ ਦੀਆਂ ਪਲੇਟਾਂ ਉਤੇ ਗੁਰੂ ਨਾਨਕ ਦੇਵ ਜੀ ਤੇ ਬਾਲੇ ਮਰਦਾਨੇ ਦੀਆਂ ਮੂਰਤਾਂ ਚਿਤਰੀਆਂ ਹੋਈਆਂ ਸਨ! ਮੇਰੀ ਉਲਝਣ ਏਹ ਸੀ ਕਿ ਨਾ ਤਾਂ ਉਹ ਮੇਰੀ ਬੋਲੀ ਸਮਝਦੇ ਸਨ ਤੇ ਨਾ ਮੈਂ ਉਹਨਾਂ ਦੀ ਸਮਝਦਾ ਸਾਂ। ਪਰ ਏਹ ਸੂਰਤਾਂ ਇਕ ਵਖਰੀ ਤਰ੍ਹਾਂ ਦਾ ਅਹਿਸਾਸ ਮਨ ਵਿਚ ਜ਼ਰੂਰ ਪੈਦਾ ਕਰਦੀਆਂ ਸਨ।

ਧੰਨ ਗੁਰੂ ਨਾਨਕ ਕਰਨੀ ਤੇਰੀ।

ਥੋੜ੍ਹੀ ਜਿੰਨੀ ਉਚਾਈ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਏਥੇ ਹੀ ਪਹਾੜੀ ਰਾਜਿਆਂ ਨੇ ਸਾਜ਼ਸ਼ ਰਚਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਦਾ ਪ੍ਰੋਗਰਾਮ ਬਣਾਇਆ ਸੀ, ਪਰ—

"ਉਹ ਅਛਲ ਪੁਰਖ ਕਿਸੇ ਨਾ ਛਲਿਆ।"

ਗੁਰੂ ਜੀ ਏਹਨਾਂ ਨੂੰ ਕਚੇ ਪਹਾੜੀਏ ਕਹਿੰਦੇ ਸਨ। ਅਤੇ ਏਹਨਾਂ ਉਤੇ ਕਦੇ ਵਿਸ਼ਵਾਸ ਨਹੀਂ ਸਨ ਕਰਦੇ। ਬਹੁਤ ਸਾਰੇ ਰਾਜੇ ਗੁਰੂ ਜੀ ਦੇ ਸੇਵਕ ਵੀ ਬਣ ਗਏ ਸਨ। ਪਰ ਬਿਲਾਸ ਪੁਰ ਦਾ ਰਾਜਾ ਭੀਮ ਚੰਦ ਕਿਸੇ ਦੀ ਪੇਸ਼ ਨਹੀਂ ਸੀ ਜਾਣ ਦਿੰਦਾ। ਜੋ ਅਤ ਲਾਲਚੀ ਤੇ ਕਮੀਨਾ ਸੀ, ਗੁਰੂ ਗੋਬਿੰਦ ਸਿੰਘ ਜੀ ਨਾਲ ਝਗੜੇ ਦਾ ਕਾਰਨ, ਕੇਵਲ ਭੀਮ ਚੰਦ ਹੀ ਸੀ, ਗੁਰੂ ਜੀ ਚਾਹੁੰਦੇ ਤਾਂ ਉਸ ਦੀ ਰਿਆਸਤ ਉਤੇ ਕਬਜ਼ਾ ਵੀ ਕਰ ਸਕਦੇ ਸਨ। ਪੰਝੀ ਹਜ਼ਾਰ ਦੀ ਗਿਣਤੀ ਵਾਲੀ ਤਿਆਰ ਫੌਜ ਸਾਰੇ ਪਹਾੜਾਂ ਉਤੇ ਕਬਜ਼ਾ ਕਰਨ ਵਾਸਤੇ ਕਾਫੀ ਸੀ। ਪਰ ਗੁਰੂ ਜੀ ਏਸ ਪਾਸੇ ਬਿਲਕੁਲ ਤੁਰਨਾ ਨਹੀਂ ਸਨ ਚਾਹੁੰਦੇ। ਹਾਂ ਭੀਮ ਚੰਦ ਕਈ ਵਾਰ ਮਾਰ ਖਾਣ ਪਿਛੋਂ ਵੀ—ਸ਼ਰਾਰਤਾਂ ਤੋਂ ਬਾਜ਼ ਨਹੀਂ ਸੀ ਆਉਂਦਾ। ਰਵਾਲ ਸਰ ਦੀ ਦਗਾ ਸਕੀਮ ਵੀ ਉਸੇ ਨੇ ਤਿਆਰ ਕੀਤੀ ਸੀ। ਸਾਰੀ ਤਿਆਰੀ ਨੂੰ ਗੁਪਤ ਰਖਿਆ ਗਿਆ ਸੀ। ਅਤੇ ਸਕੀਮ ਏਹ ਬਣਾ ਕੇ ਗੁਰੂ ਜੀ ਕੋਲ ਭੇਜੀ ਸੀ ਕਿ ਅਸਾਂ ਕੋਈ ਸੰਧੀ ਕਰਨੀ ਹੈ। ਜਿਸ ਕਰਕੇ ਪਹਾੜਾਂ ਵਿਚ ਅਮਨ ਕਾਇਮ ਰਹਿ ਸਕੇ।

ਜਾਣੀ ਜਾਣ ਸਤਿਗੁਰੂ ਜੀ ਪੰਜ ਸੌ ਸ਼ਾਹਸਵਾਰ ਸਿੰਘਾਂ ਨੂੰ ਨਾਲ ਲੈ ਕੇ ਰਵਾਲ ਸਰ ਪਹੁੰਚ ਗਏ। ਗੁਰੂ ਜੀ ਦੀ ਜ਼ਬਰਦਸਤ ਤਿਆਰੀ ਵੇਖ ਕੇ ਭੀਮ ਚੰਦ ਦੀ ਸਾਰੀ ਸਕੀਮ ਠੁਸ ਹੋ ਗਈ।—

"ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।"

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਵੀ ਏਥੇ ਜਗ੍ਹਾ ਲੈਣ ਦੀ ਖਾਹਸ਼ ਜ਼ਾਹਰ ਕੀਤੀ। ਅਤੇ ਏਹ ਸੇਵਾ, ਗੁਰਦੁਆਰੇ ਦੇ ਸੇਵਾਦਾਰ ਦੇ ਜ਼ਿੰਮੇ ਲਾਈ ਤੇ ਉਸ ਨੂੰ ਭਜਨ ਵੀ ਦਸਿਆ।

ਰਵਾਲਸਰ ਚਾਰ ਚੁਫੇਰਿਓਂ ਉਚੀਆਂ ਉਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਸਰੋਵਰ ਹੈ। ਏਥੋਂ ਦੀ ਛੋਟੀ ਜਿੰਨੀ ਅਬਾਦੀ ਪੁਜਾਰੀਆਂ ਤੇ ਹੀ ਸੁਸਤੇਮਲ ਹੈ। ਅਤੇ ਏਹਨਾਂ ਪਹਾੜਾਂ ਦੇ ਬਰਸਾਤੀ ਪਾਣੀ ਨਾਲ ਹੀ ਤਾਲਾਬ ਵਜੂਦ ਵਿਚ ਆਇਆ ਹੈ। ਜੋ ਬਹੁਤ ਡੂੰਘਾ ਹੈ। ਪਹਾੜਾਂ ਦੇ ਧੁਰ ਉਤੇ ਹੋਰ ਬਹੁਤ ਉਚੇ ਥਾਂ, ਪਾਂਡਵਾਂ ਦੇ ਨਾਮ ਉਤੇ ਸੱਤ ਸਰੋਵਰ ਹੈਨ। ਸ਼ਕਸਰ, ਅਰਜੁਨ ਸਰ ਤੇ ਕੁੰਤੀ ਸਰ ਆਦਿ। ਕੁੰਤੀਸਰ ਏਹਨਾਂ ਵਿਚੋਂ ਸਭ ਤੋਂ ਵੱਡਾ ਤਾਲਾਬ ਹੈ। ਏਥੋਂ ਦਾ ਨਜ਼ਾਰਾ ਏਸੇ ਤਰ੍ਹਾਂ ਦਾ ਹੀ ਹੈ ਜਿਵੇਂ ਕਈ ਮੰਜ਼ਲੀ ਕੋਠੀ ਉਤੇ ਚੜ੍ਹਕੇ ਸ਼ਹਿਰ ਦਾ ਦ੍ਰਿਸ਼। ਬਣੋਵਾਸ ਮਿਲਣ ਉਤੇ ਪਾਂਡਵਾਂ ਨੇ ਕਈ ਸਾਲ ਏਹਨਾਂ ਪਹਾੜਾਂ ਉਤੇ ਹੀ ਗੁਜ਼ਾਰੇ ਸਨ। ਏਥੋਂ ਦਾ ਸਾਰਾ ਸੀਨ ਵੀ ਗੁਰਮੁਖ ਸਿੰਘ ਨੇ ਫਿਲਮ ਬੰਦ ਕੀਤਾ ਹੋਇਆ ਹੈ। ਲੋੜ ਏਸ ਗੱਲ ਦੀ ਹੈ ਕਿ ਤੁਸੀਂ ਇਕ ਰੰਗੀਨ ਟੈਲੀਵੀਜ਼ਨ ਖਰੀਦ ਲਓ ਤੇ ਫੇਰ ਇਕ ਵੀ. ਸੀ.ਆਰ.। ਜਿਸ ਤੇ ਕੁਲ ੨੦-੨੫ ਹਜ਼ਾਰ ਰੁਪਏ ਲਗਣਗੇ ਫੇਰ ਗੁਰਮੁਖ ਸਿੰਘ ਹੁਰਾਂ ਅਗੇ ਅਰਜ਼ ਕਰੋ। ਜੀ! ਸਾਨੂੰ ਵੀ ਪਹਾੜਾਂ ਦੀ ਫਿਲਮ ਤਿਆਰ ਕਰਕੇ ਦਿਓ। ਜਿਸ ਵਿਚ ਸਤਿਗੁਰੂ ਦਰਸ਼ਨ ਵੀ ਹੋਣ। ਬਸ! ਘਰ ਬੈਠੇ ਹੀ ਸਾਰਾ ਨਜ਼ਾਰਾ ਵੇਖ ਲਓ, ਟੱਬਰ ਸਮੇਤ।

## ਵਾਪਸੀ

ਸਾਡੀ ਹਾਲਤ ਸਤਿਗੁਰੂ ਜੀ ਤੋਂ ਬਿਨਾ ਅਜੇਹੀ ਹੀ ਸੀ, ਜੇਹੋ ਜੇਹੀ ਵਾਪਸੀ ਵੇਲੇ ਪਛੜੇ ਹੋਏ ਬਰਾਤੀਆਂ ਦੀ ਹੁੰਦੀ ਹੈ। ਜਿਉਂ ਜਿਉਂ ਹੇਠਾਂ ਆ ਰਹੇ ਸਾਂ ਪਹਾੜਾਂ ਦਾ ਨਜ਼ਾਰਾ ਫਿਕੇ ਤੋਂ ਫਿਕਾ ਹੁੰਦਾ ਜਾ ਰਿਹਾ ਸੀ। ਪਹਾੜਾਂ ਦਾ ਆਕਰਸ਼ਨ ਖਤਮ ਹੋ ਰਿਹਾ ਸੀ ਤੇ ਘਰਾਂ ਦੀ ਖਿੱਚ ਵਧ ਰਹੀ ਸੀ। ਕਾਲ ਚਕਰ ਪਿਛੇ ਵਲ ਭਉਂ ਰਿਹਾ ਸੀ।

ਸਮਾਂ ਕਰੇ ਨਰ ਕਿਆ ਕਰੇ
ਸਮਾਂ ਸਮਾਂ ਸਮਰੱਥ।
ਵਹੀ ਅਰਜੁਨ ਵਹੀ ਧਨੁਸ਼ ਬਾਨ
ਵਹੀ ਅਰਜੁਨ ਕੇ ਹੱਥ।

ਅਸੀਂ ਹੁਣ ਰੋਪੜ ਦੇ ਨੇੜੇ ਭਾਖੜਾ ਨਹਿਰ ਉਤੇ ਸਾਂ। ਗੁਰੂ ਜੀ ਦੇ ਸੇਵਕ ਨੇ ਦਸਿਆ—

ਪਿਛਲੇ ਸਾਲ ਸਤਿਗੁਰੂ ਜੀ ਕਾਰਾਂ ਦੇ ਜਥੇ ਸਮੇਤ



Sri Satguru Jagjit Singh Ji eLibrary NamdhariElibrary@gmail.com

ਪਹਾੜਾਂ ਨੂੰ ਜਾ ਰਹੇ ਸਨ। ਪੁਲ ਦੇ ਨਾਲ ਠੀਕ ਏਸੇ ਹੀ ਥਾਂ ਉਤੇ ਗੁਰੂ ਜੀ ਦੇ ਹੁਕਮ ਨਾਲ ਸਭ ਕਾਰਾਂ ਰੁਕ ਗਈਆਂ।

ਪਾਣੀ ਪੀਣ ਲਗਿਆਂ ਇਕ ਬੈਲ ਭਾਖੜਾ ਨਹਿਰ ਵਿਚ ਡਿਗ ਪਿਆ ਸੀ। ਹਾਲ ਪਾਹਰਿਆ ਕਰਕੇ ਪਿੰਡ ਦੇ ਲੋਕਾਂ ਨੇ ਕਿਸੇ ਜੁਗਤ ਨਾਲ ਲਾਸਾਂ ਤਾਂ ਬੈਲ ਨੂੰ ਪਾ ਲਈਆ ਸਨ। ਪਰ ਭਾਰਾ ਹੋਣ ਕਰਕੇ ਬਲਦ ਬਾਹਰ ਨਹੀਂ ਸੀ ਕਢਿਆ ਜਾ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਸੰਗਤ ਨੂੰ ਇਸ਼ਾਰਾ ਕੀਤਾ। ਪੰਜਾਂ ਮਿੰਟਾਂ ਵਿਚ ਬੈਲ ਬਾਹਰ ਆ ਗਿਆ। ਵਧੇਰੇ ਜ਼ੋਰ ਲਗਣ ਕਰਕੇ ਬੈਲ ਬਹੁਤ ਮਾਂਦਾ ਪੈ ਗਿਆ ਸੀ। ਸਤਿਗੁਰੂ ਜੀ ਨੇ ਬੈਲ ਦੇ ਮਾਲਕ ਨੂੰ ਦੋ ਸੌ ਰੁਪਏ ਦੀ ਬਖਸ਼ਸ਼ ਕਰਕੇ ਕਿਹਾ...

ਏਹਨਾਂ ਪੈਸਿਆਂ ਦਾ ਘਿਉ ਖੁਆਕੇ ਫੇਰ ਪੰਜਾਲੀ ਪਾਈਂ ਬੈਲ ਦੇ ਗਲ ਵਿਚ।

ਧੰਨ ਸਤਿਗੁਰੂ

---

## ਖ਼ ਬ ਰ ਨਾ ਮਾ

# ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ

### ਸ੍ਰੀ ਭੈਣੀ ਸਾਹਿਬ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਇਕ ਸੌ ਚੁਹਤਰਵਾਂ ਪ੍ਰਕਾਸ਼ ਉਤਸਵ ਵਖ ਵਖ ਥਾਵਾਂ ਤੇ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ। ਬਸੰਤ ਪੰਚਮੀ ਵਾਲੇ ਦਿਨ ਆਉਣ ਵਾਲਾ ਇਹ ਗੁਰਪੁਰਖ ਇਸ ਵਾਰ ਸ਼ੁਕਰਵਾਰ ੧੦ ਫਰਵਰੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ ਵਿਕ ਕੇਂਦਰੀ ਤੌਰ ਤੇ ਮਨਾਇਆ ਗਿਆ।

ਨਾਮਧਾਰੀ ਜਗਤ ਦੇ ਵਰਤਮਾਨ ਪ੍ਰਮੁਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਅਮ੍ਰਿਤਵੇਲੇ ਹੀ ਰਾਗੀ ਸਿੰਘਾਂ ਸੰਤ ਖਜ਼ਾਨ ਸਿੰਘ, ਹਰਬੰਸ ਸਿੰਘ, ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ, ਸ਼ੇਰ ਸਿੰਘ ਅਤੇ ਹੋਰ ਸੰਗੀਤਕਾਰਾਂ ਨੇ ਸ੍ਰੀ ਆਸਾ ਦੀ ਵਾਰ ਦਾ ਇਲਾਹੀ ਕੀਰਤਨ ਕੀਤਾ। ਉਪਰੰਤ ਬਸੰਤ ਦੀ ਵਾਰ ਦਾ ਗਾਇਣ ਹੋਇਆ। ਸਾਰਾ ਦਿਨ ਹੱਲੇ ਦੇ ਦੀਵਾਨ ਸੱਜੇ ਜਿਸ ਵਿਚ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ ਦੇ ਆਲਮਾਣਾ ਲੈਕਚਰ ਹੋਏ। ਜਥੇਦਾਰ ਗੁਰਦੀਪ ਸਿੰਘ ਅਤੇ ਹੋਰ ਜਥੇਦਾਰਾਂ ਨੇ ਦੀਵਾਨ ਸਜਾਏ। ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ., ਸ. ਦਲੀਪ ਸਿੰਘ ਪ੍ਰਧਾਨ ਸਰਬ ਹਿੰਦ ਵਿਦਿਅਕ ਜੱਥਾ ਅਤੇ ਹੋਰਾਂ ਨੇ ਸਤਿਗੁਰੂ ਜੀ ਦੇ ਇਤਿਹਾਸ ਨੂੰ ਯਾਦ ਕੀਤਾ।

ਸਾਰਾ ਦਿਨ ਅਤੇ ਰਾਤ ਨੂੰ ਦੀਵਾਨ ਲਗੇ। ਦੂਰ ਦੂਰ ਤੋਂ ਸੰਗਤਾਂ ਪੁਜੀਆਂ ਹੋਈਆਂ ਸਨ। ਅਗਲੇ ਦਿਨ ਸੈਂਕੜੇ ਪਾਠਾਂ ਦੇ ਭੋਗ ਪਾਏ ਗਏ ਅਤੇ ੬ ਜੋੜਿਆਂ ਦੇ ਅਨੰਦ ਕਾਰਜ ਉਸੇ ਰੀਤ ਅਨੁਸਾਰ ਹੋਏ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ੨-੩ ਜੂਨ ੧੮੬੩ ਨੂੰ ਪਿੰਡ ਖੋਟੇ ਵਿਚ ਪ੍ਰਚਲਤ ਕੀਤਾ ਸੀ। ਇਸ ਮੇਲੇ ਦੀ ਸੇਵਾ ਲੁਧਿਆਣਾ ਦੀ ਸੰਗਤ ਨੇ ਕੀਤੀ।

ਬਸੰਤ ਪੰਚਮੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਰੋਜ਼ਾਨਾਂ ਅਖਬਾਰਾਂ ਨੇ ਲੇਖ ਛਾਪੇ ਰੰਗੀਨ ਅਤੇ ਕਾਲੀਆਂ ਚਿਟੀਆਂ ਤਸਵੀਰਾਂ ਛਾਪੀਆਂ, ਦੈਨਿਕ ਜੱਗ ਬਾਣੀ, ਅਜੀਤ, ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਸਿਮਰਣ ਆਦਿ ਪਰਚਿਆਂ ਵਿਚ ਵੱਖ ਵੱਖ ਵਿਦਵਾਨਾਂ ਦੇ ਲੇਖ ਛਪੇ ਅਤੇ ਤਸਵੀਰਾਂ ਪ੍ਰਕਾਸ਼ਤ ਹੋਈਆਂ। ਆਕਾਸ਼ਬਾਣੀ ਜਲੰਧਰ ਤੋਂ ਪ੍ਰੋ: ਅਵਤਾਰ ਜੌੜਾ ਦੀ ਵਾਰਤਾ ਪ੍ਰਸਾਰਿਤ ਹੋਈ। ਦੂਰਦਰਸ਼ਨ ਜਲੰਧਰ ਤੋਂ ਇਕ ਵਾਰਤਾਲਾਪ ਟੈਲੀਕਾਸਟ ਕੀਤੀ ਗਈ ਜਿਸ ਵਿਚ ਸੰਪਾਦਕ ਵਰਿਆਮ ਜਗਦੀਸ਼ ਸਿੰਘ ਅਤੇ ਨਵਾਂ ਜ਼ਮਾਨਾਂ ਦੇ ਸਹਾਇਕ ਸੰਪਾਦਕ ਸ੍ਰੀ ਸਤਨਾਮ ਚਾਣਾ ਨੇ ਹਿਸਾ ਲਿਆ। ਇਹ ਪ੍ਰੋਗਰਾਮ ਸ੍ਰੀ ਸਰਦਾਰਜੀਤ ਬਾਵਾ ਦੁਆਰਾ ਤਿਆਰ ਕੀਤਾ ਗਿਆ।

ਸ੍ਰੀ ਭੈਣੀ ਸਾਹਿਬ ਤੋਂ ਇਲਾਵਾ ਵੱਖ ਵੱਖ ਥਾਵਾਂ ਤੇ ਬਸੰਤ ਵਾਲੇ ਦਿਨ ਤੋਂ ਅਗੇ ਪਿੱਛੇ ਸਤਿਗੁਰੂ ਜੀ ਦਾ ਪ੍ਰਕਾਸ਼ ਪੁਰਬ ਦੇਸ਼ ਵਿਦੇਸ਼ ਵਿਚ ਅਨੇਕਾਂ ਥਾਵਾਂ ਤੇ ਮਨਾਇਆ ਗਿਆ।

**ਦਿਲੀ :**

ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਦਿਲੀ ਵਿਚ ਅਵਤਾਰ ਪੁਰਬ ੬ ਫਰਵਰੀ ਸੋਮਵਾਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਇਆ ਗਿਆ। ਜਥੇਦਾਰ ਸੇਵਾ ਸਿੰਘ ਜੀ ਅਤੇ ਹੋਰ ਜਥੇਦਾਰਾਂ ਹੱਲੇ ਦੇ ਦੀਵਾਨ ਲਾਏ। ਸ਼ਾਮ ਨੂੰ ਇਕ ਸਫਲ ਕਵੀ ਦਰਬਾਰ ਹੋਇਆ ਜਿਸ ਵਿਚ ਪ੍ਰਸਿਧ ਕਵੀਆਂ ਨੇ ਹਿੱਸਾ ਲਿਆ। ਅਗਲੇ ਦਿਨ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਬਸੰਤ ਦੀ ਵਾਰ ਬਾਦ ਸਾਮੂਹਕ ਅਨੰਦ ਕਾਰਜ ਹੋਏ ਅਤੇ ਪਾਠਾਂ ਦੇ ਭੋਗ ਪਾਏ ਗਏ।


Sri Satguru Jagjit Singh Ji eLibrary NamdhariElibrary@gmail.com

**ਲਖਨਊ :**

ਲਖਨਊ ਦੀ ਨਾਮਧਾਰੀ ਸਾਧ ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਐਤਵਾਰ ੫ ਫਰਵਰੀ ਨੂੰ ਬਹੁਤ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ। ਇਸ ਅਵਸਰ ਤੇ ਜਥੇਦਾਰ ਗਿਆਨ ਸਿੰਘ ਜੀ ਅਪਣੇ ਜੱਥੇ, ਜਥੇਦਾਰ ਦਾਨ ਸਿੰਘ ਅਤੇ ਸੰਤ ਟਹਿਲ ਸਿੰਘ ਸਹਿਤ ਪਧਾਰੇ ਅਤੇ ਬਹੁਤ ਰਸ ਭਿੰਨਾ ਕੀਰਤਨ ਅਤੇ ਗਿਆਨਮਈ ਵਿਖਿਆਨ ਕਰਕੇ ਸਤਿਗੁਰੂ ਜੀ ਦੇ ਇਤਿਹਾਸ ਤੇ ਰੌਸ਼ਨੀ ਪਾਈ। ਇਸ ਸਮੇਂ ਆਸਾ ਦੀ ਵਾਰ ਦਾ ਕੀਰਤਨ ਅਤੇ ਹੱਲੇ ਦੇ ਦੀਵਾਨ ਸਜੇ। ਰਾਗੀ ਜੱਥਾ ਤਾਨ ਜੀ ਨੇ ਵੀ ਕੀਰਤਨ ਕੀਤਾ। ਸ: ਚਰਨਜੀਤ ਸਿੰਘ ਅਤੇ ਸ: ਜੰਗ ਸਿੰਘ ਜੀ ਦੇ ਗ੍ਰਿਹਿ ਵਿਖੇ ਵੀ ਦੀਵਾਨ ਲਗੇ ਅਤੇ ਸ: ਕੁਲਦੀਪ ਸਿੰਘ ਜੀ ਦੇ ਘਰ ਇਕ ਅਖੰਡ ਪਾਠ ਵੀ ਕੀਤਾ ਗਿਆ।

**ਔਰੰਗਾਬਾਦ :**

ਔਰਗਾਬਾਦ (ਮਹਾਰਾਸ਼ਟਰ) ਵਿਚ ਹਰ ਸਾਲ ਵਾਂਗ ਇਸ ਵਾਰ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ੯ ਫਰਵਰੀ ਨੂੰ ਬਹੁਤ ਵੱਡੀ ਪਧਰ ਤੇ ਮਨਾਇਆ ਗਿਆ। ਇਸ ਵਿਚ ਨਾਮਧਾਰੀ ਸੰਗਤ ਦੇ ਨਾਲ ਸਥਾਨਕ ਮਰਾਠੇ ਵੀਰਾਂ ਨੇ ਹੁਮ ਹੁਮਾ ਕੇ ਹਿਸਾ ਲਿਆ। ਪਾਠਾਂ ਦੇ ਭੋਗ, ਆਸਾ ਦੀ ਵਾਰ ਦੇ ਕੀਰਤਨ, ਬਸੰਤ ਦਾ ਗਾਇਣ ਅਤੇ ਹੱਲੇ ਦੇ ਦੀਵਾਨ ਸੱਜੇ। ਦੀਵਾਨਾਂ ਦੇ ਇਸ ਲੜੀਵਾਰ ਸਿਲਸਲੇ ਵਿਚ ਜਥੇਦਾਰ ਹਜ਼ਾਰਾ ਸਿੰਘ (ਲਖਨਊ), ਪੰਡਿਤ ਹਰਭਜਨ ਸਿੰਘ ਖੰਡੂਵਾਲੀਏ, ਜਥੇਦਾਰ ਗਿਆਨ ਸਿੰਘ ਵੀਰੋਕੇ, ਜਥੇਦਾਰ ਦਾਨ ਸਿੰਘ ਟਹਿਲ ਸਿੰਘ ਜੀ ਨੇ ਆਲਾਮਾਣਾ ਵਖਿਆਣ ਅਤੇ ਕੀਰਤਨ ਕੀਤੇ। ਮਹਾਰਾਸ਼ਟਰ ਦੇ ਪ੍ਰਸਿਧ ਸੰਗੀਤਕਾਰ ਸ੍ਰੀ ਨਾਥ ਨੇਰਲਕਰ ਜੀ ਦਾ ਸ਼ਾਸਤਰੀ ਗਾਇਣ ਹੋਇਆ ਅਤੇ ਪ੍ਰਸਿਧ ਵਿਦਵਾਨ ਡਾ: ਭਗਵਾਨਦਾਸ ਵਰਮਾ ਜੀ ਦਾ ਵਿਦਵਤਾ ਭਰਪੂਰ ਭਾਸ਼ਣ ਹੋਇਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

**ਬੰਬਈ :**

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਨਾਮਧਾਰੀ ਸੰਗਤ ਬੰਬਈ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਐਤਵਾਰ ੧੨ ਫਰਵਰੀ ੧ ਫਗਣ ਨੂੰ ਬੜੀਆਂ ਰੀਝਾਂ ਅਤੇ ਚਾਵਾਂ ਨਾਲ ਮਨਾਇਆ। ਇਸ ਸ਼ੁਭ ਅਵਸਰ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਇਸ ਤੋਂ ਇਲਾਵਾ ਨਾਮਧਾਰੀ ਪੰਥ ਦੇ ਪ੍ਰਸਿਧ ਕੀਰਤਨਕਾਰ ਜਥੇਦਾਰ ਗਿਆਨ ਸਿੰਘ ਜੀ ਵੀਰੋਕੇ ਨੇ ਆਪਣੇ ਜੱਥੇ ਸਮੇਤ ਸਤਿਗੁਰੂ ਜੀ ਦਾ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਅਵਸਰ ਤੇ ਜਥੇਦਾਰ ਧੰਨਾ ਸਿੰਘ, ਜਥੇਦਾਰ ਹਜ਼ਾਰਾ ਸਿੰਘ ਜੀ ਨੇ ਵੀ ਦੀਵਾਨ ਲਾਏ ਅਤੇ ਕਵੀਆਂ ਨੇ ਕਵਿਤਾਵਾਂ ਨਾਲ ਰੰਗ ਬੰਨ੍ਹਿਆ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਪਾਠਾਂ ਦੇ ਭੋਗ ਪਾਏ ਗਏ। ਅਤੇ ਅਤੁੱਟ ਲੰਗਰ ਵਰਤਿਆ। ਬੰਬਈ ਦੀਆਂ ਸਮੂਹ ਨਾਮਧਾਰੀ ਸੰਗਤਾਂ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ। ਇਸੇ ਹੀ ਸਿਲਸਲੇ ਵਿਚ ਘਰਾਂ ਵਿਚ ਸੰਤ ਗਿਆਨ ਸਿੰਘ ਜੀ ਦੇ ਦੀਵਾਨ ਲਗੇ। ਸ: ਅਜੈਬ ਸਿੰਘ, ਸ: ਬਹਾਦਰ ਸਿੰਘ, ਸ: ਸੁਦਾਗਰ ਸਿੰਘ, ਸ: ਮਨਫੂਲ ਸਿੰਘ, ਸ: ਅਜੀਤ ਸਿੰਘ, ਸ: ਬਚਨ ਸਿੰਘ ਜੀ ਕਲਸੀ ਅਤੇ ਅੰਤ ਵਿਚ ਨਾਮਧਾਰੀ ਧਰਮਸਾਲਾ ਵਿਚ ਦੀਵਾਨ ਲਗਾ। ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਪਚੀ ਸਰੀਰਾਂ ਨੇ ਮਾਸ ਸ਼ਰਾਬ ਸੇਵਨ ਦਾ ਤਿਆਗ ਕਰਕੇ ਭਜਨ ਪੁਛਿਆ।

**ਜਲੰਧਰ :**

ਜਲੰਧਰ ੧੩ ਫਰਵਰੀ :—ਸਤਿਗੁਰੂ ਰਾਮ ਸਿੰਘ ਦੇਸ਼ ਦੀ ਜੰਗੇ ਆਜ਼ਾਦੀ ਦੇ ਮੋਢੀ ਹਨ। ਉਹਨਾਂ ਨੇ ਨਾ-ਮਿਲਵਰਤਨ ਅਤੇ ਸੁਦੇਸ਼ੀ ਦਾ ਇਨਕਲਾਬੀ ਮਾਰਗ ਸਨਿਚਤ ਕੀਤਾ ਉਸੇ ਮਾਰਗ ਉਤੇ ਚਲ ਕੇ ਹੀ ਬਾਦ ਵਿਚ ਦੇਸ਼ ਆਜ਼ਾਦ ਹੋਇਆ। ਇਸ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਸੀ ਤਸਵੀਰ ਪਾਰਲੀਮੈਂਟ ਵਿਚ ਲਾਈ ਜਾਣੀ ਚਾਹੀਦੀ ਹੈ। ਇਹ ਮੁਤਾਲਬਾ ਇਥੇ ਜਲੰਧਰ ਵਿਚ ਲਗੇ ਭਾਰੀ ਦੀਵਾਨ ਵਿਚ ਸ: ਮੰਗਲ ਸਿੰਘ ਨੇ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਮਨਾਉਣ ਵਾਸਤੇ ਸਥਾਨਕ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਵਿਚ ਲਗੇ ਦੀਵਾਨ ਵਿਚ ਉਪਰੋਕਤ ਵਿਚਾਰ ਦੀ ਪ੍ਰੋੜਤਾ ਕਰਦਿਆਂ ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਕਿਹਾ ਕਿ ਕੇਂਦਰੀ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਨ ਦੇ ਅਨਕੂਲ ਸਰਕਾਰੀ ਮੀਡੀਆ ਦੂਰ-ਦਰਸ਼ਨ ਅਤੇ ਰੇਡੀਓ ਦੇ ਕੌਮੀ ਪ੍ਰੋਗਰਾਮਾਂ ਵਿਚ ਹਰ ਸਾਲ ਸ਼ਾਮਲ ਕਰਨਾ ਚਾਹੀਦਾ ਹੈ। ਹੋਰ ਜਿਨ੍ਹਾਂ ਬੁਲਾਰਿਆਂ ਨੇ ਗੁਰੂ ਜੀ ਦੇ ਜੀਵਨ-ਇਤਿਹਾਸ ਤੇ ਰੌਸ਼ਨੀ ਪਾਈ, ਉਹਨਾਂ ਵਿਚ ਜਥੇਦਾਰ ਇਕਬਾਲ ਸਿੰਘ ਵਡਾਲਾ ਜੌਹਲ, ਜ: ਹਜ਼ਾਰਾ ਸਿੰਘ, ਜ: ਨੱਥਾ ਸਿੰਘ ਅਤੇ ਜ: ਅਜੀਤ ਸਿੰਘ ਨੇ ਹੱਲੇ ਦੇ ਦੀਵਾਨ ਲਾਏ, ਪ੍ਰੋ: ਕ੍ਰਿਪਾਲ ਸਿੰਘ, ਸੰਤ ਬਲਬੀਰ ਸਿੰਘ ਜੀ ਨੇ ਸੰਗੀਤਮਈ ਕੀਰਤਨ ਕੀਤੇ। ਪੰਜਾਬੀ ਦੇ ਪ੍ਰਸਿਧ ਕਵੀ ਸ: ਸੰਤੋਖ ਸਿੰਘ ਸਫ਼ਰੀ, ਸ੍ਰੀ ਫਕੀਰ ਚੰਦ ਤੁਲਸੀ, ਸਰਦੂਲ ਸਿੰਘ ਸੇਵਕ ਕਾਕਾ ਗੁਰਮੀਤ ਸਿੰਘ ਨੇ ਭਾਵ ਭਿਨੀਆਂ ਰੋਚਕ ਕਵਿਤਾਵਾਂ ਰਾਹੀਂ ਗੁਰੂ ਜੱਸ ਕੀਤਾ। ਦੂਰੋਂ ਦੂਰੋਂ ਆਈਆਂ ਸੰਗਤਾਂ ਨੇ ਇਹ


Sri Satguru Jagjit Singh Ji eLibrary NamdhariElibrary@gmail.com

ਦਿਨ ਮਨਾਇਆ ਅੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਰਾਤ ਨੂੰ ਮੁੜ ਹੱਲੇ ਦੇ ਦੀਵਾਨ ਸਜੇ।

# ਬਸੰਤ ਕਵੀ ਦਰਬਾਰ

ਪੰਜਾਬੀ ਸਾਹਿਤ ਸੰਗਮ (ਰਜਿ:) ਜਲੰਧਰ ਵਲੋਂ ਆਪਣੀਆਂ ਸਾਹਿਤਕ ਸਰਗਰਮੀਆਂ ਨੂੰ ਜਾਰੀ ਰਖਦਿਆਂ, ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਸੰਤ ਪੰਚਮੀ ਦੇ ਇਤਿਹਾਸਕ, ਸਭਿਆਚਾਰਕ ਦਿਹਾੜੇ 'ਬਸੰਤ ਕਵੀ ਦਰਬਾਰ' ਦਾ ਆਯੋਜਨ ਜ਼ੇਲੋਟੋ ਬਿਲਡਿੰਗ ਕਪੂਰਥਲਾ ਰੋਡ ਵਿਚ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸ. ਭਗਵੰਤ ਸਿੰਘ, ਜ਼ਿਲ੍ਹਾ ਟਰਾਂਸਪੋਰਟ ਅਫਸਰ ਨੇ ਕੀਤੀ।

ਇਸ ਵਿਚ ੨੦ ਸ਼ਾਇਰਾਂ ਨੇ ਅਪਣਾ ਕਲਾਮ ਪੇਸ਼ ਕੀਤਾ। ਆਦਿਲ ਦਿਆਲਪੁਰੀ ਦੇ ਗੀਤ 'ਨਿਗਾਹ ਮਾਰ ਕੇ ਦੇਖ ਲੈ ਦਾਤਾਰ, ਰੰਗਲਾ ਪੰਜਾਬ ਆਪਣਾ' ਨਾਲ ਸ਼ੁਰੂ ਹੋਏ ਕਵੀ ਦਰਬਾਰ ਵਿਚ ਸ਼ਾਇਰਾਂ ਨੇ ਵੀਰ ਹਕੀਕਤ ਰਾਏ ਦੀ ਸ਼ਹਾਦਤ ਨੂੰ ਹੀ ਯਾਦ ਨਹੀਂ ਕੀਤਾ, ਸਗੋਂ ਦੇਸ਼-ਪਿਆਰ ਪੰਜਾਬ-ਸੰਕਟ ਆਰਥਕ ਸ਼ੋਸ਼ਣ ਭਾਵਾਂ ਵਾਲੀਆਂ ਰਚਨਾਵਾਂ ਦਾ ਪਾਠ ਕੀਤਾ, ਮੀਤ ਜਲੰਧਰੀ ਦੇ ਗੀਤ ਦੀਆਂ ਸਤਰਾਂ 'ਬੇਗੁਨਾਹਾਂ ਦਾ ਕਤਲ ਕਰਦੇ ਹੋ, ਕਿਹੜੇ ਗੁਰੂਆਂ ਦੀ ਇਹ ਬਾਣੀ ਹੈ' ਨੇ ਹਾਜ਼ਿਰ ਸਰੋਤਿਆ ਦੀ ਭਰਪੂਰ ਦਾਦ ਲਈ। ਪੰਜਾਬ ਦੇ ਇਸ ਤ੍ਰਾਸਦਿਕ ਮਾਹੌਲ ਨੂੰ ਪੇਸ਼ ਕਰਦੀ ਬਜ਼ੁਰਗ ਸ਼ਾਇਰ ਓਮ ਪ੍ਰਕਾਸ਼ 'ਸਮਰ' ਦੀ ਕਵਿਤਾ ਨੇ ਵੀ ਸਰੋਤਿਆਂ ਨੂੰ ਝੰਜੋੜਿਆ, ਇਥੇ ਹੱਸਣ ਦਾ ਹੁਕਮ ਨਹੀਂ ਹਸਰਤਾਂ ਨੂੰ, ਇਥੇ ਰੋਣ ਦਾ ਹੁਕਮ ਨਹੀਂ ਅੱਖੀਆਂ ਨੂੰ।' ਸੁਸ਼ੀਲ ਦੁਸਾਂਝ, ਮਹਿੰਦਰ ਭੱਟੀ, ਸੁਰਿੰਦਰ ਸੋਹਲ, ਕੁਲਵਿੰਦਰ ਫੁੱਲ, ਡੀ. ਆਰ ਧਵਨ, ਜਸਵੰਤ ਬੇਗੋਵਾਲ, ਜਗਤਾਰ ਸਿੰਘ ਦੁਖੀ ਨੇ ਅੱਜ ਦੇ ਵਿਅਕਤੀ ਦੇ ਮਾਨਸਿਕ ਦਵੰਦ, ਸਮਾਜੀ ਤਣਾਓ ਨੂੰ ਬੜੇ ਭਾਵਪੂਰਤ ਸ਼ਬਦਾਂ ਰਾਹੀਂ ਕਵਿਤਾ ਵਿਚ ਉਤਾਰਿਆ, ਸਰਵਸ੍ਰੀ ਨੂਰੀ, ਊਧਮ ਸਿੰਘ ਮੌਜੀ, ਅਮਰ ਸਿੰਘ ਜੋਸ਼, ਚਾਨਣ ਲਾਲ ਮਾਣਕ, ਸਰਦਾਰੀ ਲਾਲ ਤਾਰਾ, ਹਰਦਿਆਲ ਬਾਗੀ ਅਤੇ ਮੋਹਨ ਸਿੰਘ ਵਫਾ ਦੀਆਂ ਕਵਿਤਾਵਾਂ ਸੰਪ੍ਰਦਾਇਕ, ਰਾਜਨੀਤੀ ਏਕਤਾ ਅਤੇ ਸ਼ਿੰਗਾਰ ਰਸ ਭਰਪੂਰ ਸਨ, ਇਹ ਸਾਰਾ ਕਵੀ ਦਰਬਾਰ ਨਵੀਂ ਅਤੇ ਪਰੰਪਰਕ ਸਟੇਜੀ ਕਵਿਤਾ ਦਾ ਖੂਬਸੂਰਤ ਸੁਮੇਲ ਸੀ।

—ਅਵਤਾਰ

# ਮਹਿਰੌਲੀ (ਦਿੱਲੀ) 'ਚ ਧੁੱਪ ਦੀ ਮਹਿਫਲ

ਪੱਚੀ ਦਸੰਬਰ, ਐਤਵਾਰ! ਦਿੱਲੀ ਦੇ ਸਾਰੇ ਅਤੇ ਅਨੇਕਾਂ ਹੋਰ ਬਾਹਰ ਰਹਿਣ ਵਾਲੇ ਪੰਜਾਬੀ ਲੇਖਕਾਂ ਨੂੰ ਸੱਦਾ ਭੇਜਿਆ ਜਾ ਚੁੱਕਾ ਸੀ ਕਿ ਮਹਿਰੌਲੀ ਲਾਗੇ 'ਨਵਯੁਗ ਫਾਰਮ ਤੇ ਧੁੱਪ ਦੀ ਮਹਿਫਲ' ਗਿਆਰਾਂ ਵਜੇ ਲਗੇਗੀ। ਕਵਿਤਾ, ਗੀਤ, ਕਹਾਣੀ ਅਤੇ ਮੁਸਕਰਾਹਟਾਂ ਦੇ ਅਦਾਨ-ਪ੍ਰਦਾਨ ਦੇ ਨਾਲ ਪ੍ਰਸ਼ਾਦੇ, ਮੂਲੀਆਂ, ਗਾਜਰਾਂ, ਧੁੱਪ ਤੇ ਖੁੱਲੀ ਹਵਾ। ਚੰਡੀਗੜ੍ਹ ਤੋਂ ਗੁਲਜ਼ਾਰ ਸਿੰਘ ਸੰਧੂ ਖਾਸ ਤੌਰ ਤੇ ਇਕ ਦਿਨ ਪਹਿਲਾਂ ਦਿੱਲੀ ਪੁੱਜ ਗਿਆ। ਪਟਿਆਲੇ ਵਾਲੇ ਪ੍ਰਿੰਸੀਪਲ ਪ੍ਰੀਤਮ ਸਿੰਘ ਹੋਰਾਂ ਫ਼ੋਨ ਕੀਤਾ ਕਿ ਉਹ ਵੀ ਥੋੜ੍ਹੀ ਦੇਰ ਲਈ ਹਾਜ਼ਰ ਹੋਣਗੇ। ਉਧਰ ਦੋ ਦਿਨ ਪਹਿਲਾਂ ਵਣਜਾਰਾ ਬੇਦੀ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਾ ਐਲਾਨ ਹੋਇਆ ਸੀ। ਉਨ੍ਹਾਂ ਨੇ ਤਾਂ ਹਾਜ਼ਰ ਹੋਣਾ ਹੀ ਸੀ। ਪੰਜਾਬੀ ਕਵਿਤਾ ਦੇ ਨਵੇਂ ਘੋਸ਼ਿਤ ਹੋਏ ਕਬੀਰ ਡਾਕਟਰ ਹਰਿਭਜਨ ਸਿੰਘ ਪਿਛਲੇ ਮਹੀਨੇ ਤੋਂ ਅਨੇਕਾਂ ਮਹਿਫਲਾਂ ਭੁਗਤਾ ਰਹੇ ਸਨ ਅਤੇ ਇਹ ਤਾਂ ਉਨ੍ਹਾਂ ਦੇ ਆਪਣੇ ਮਹਾਨਗਰ 'ਚ ਲੇਖਕਾਂ ਦਾ ਜੋੜ ਮੇਲਾ ਸੀ, ਉਨ੍ਹਾਂ ਦਾ ਪੁੱਜਣਾ ਯਕੀਨੀ ਸੀ। ਮੇਜ਼ਬਾਨ ਭਾਪਾ ਪ੍ਰੀਤਮ ਸਿੰਘ ਪਿਛਲੇ ਕੁਛ ਦਿਨਾਂ ਤੋਂ ਇਸ ਇਕੱਠ ਦੀ ਤਿਆਰੀ ਲਈ ਵਿਚਾਰ-ਵਟਾਂਦਰਾ ਕਰਦੇ ਆ ਰਹੇ ਸਨ। ਇਸ ਵਿਚਾਰ-ਵਟਾਂਦਰੇ ਦੌਰਾਨ ਤਾਰਾ ਸਿੰਘ ਤੇ ਗੁਰਦੇਵ ਰੁਪਾਣਾ ਆਪਣੀ ਨਿਵੇਕਲੀ ਲਤੀਫ਼ੇਬਾਜ਼ੀ ਰਾਹੀਂ ਹਾਸੇ ਦੇ ਪਟਾਖੇ ਚਲਾਂਦੇ ਰਹੇ।

ਦਵਿੰਦਰ ਸਤਿਆਰਥੀ ਨੇ ਕਿਹਾ, "ਮੇਰੀ ਬੀਵੀ ਕਹਿੰਦੀ ਏ ਕਿ ਤੁਹਾਨੂੰ ਲੇਖਕਾਂ ਨੂੰ ਕਿਵੇਂ ਯਕੀਨ ਹੋ ਗਿਆ ਕਿ ੨੫ ਦਸੰਬਰ ਨੂੰ ਧੁੱਪ ਨਿਕਲੇਗੀ।"

ਕਿਸੇ ਨੂੰ ਯਕੀਨ ਹੀ ਨਹੀਂ ਸੀ ਕਿ ਉਸ ਦਿਨ ਧੁੱਪ ਨਹੀਂ ਨਿਕਲੇਗੀ। ਸਨਿਚਰਵਾਰ ਸ਼ਾਮ ਨੂੰ ਭਾਪਾ ਪ੍ਰੀਤਮ ਸਿੰਘ ਨੇ ਆਪਣੇ ਫਾਰਮ ਤੇ ਗੇੜਾ ਮਾਰਿਆ। ਸਾਰੇ ਪ੍ਰਬੰਧ ਦਾ ਮੁਆਇਨਾ ਕੀਤਾ। ਗੁਰਦੇਵ ਰੁਪਾਣਾ ਤੇ ਗੁਰਬਚਨ ਉਸੇ ਸ਼ਾਮ "ਅਡਵਾਂਸ ਪਾਰਟੀ" ਵਾਂਗ ਪੁੱਜ ਗਏ। ਅਖੇ ਅਸੀਂ ਰਾਤ ਏਥੇ ਹੀ ਕੱਟਾਂਗੇ। ਗੱਲ ਧੁੱਪ ਦੀ ਹੋਣ ਲੱਗੀ ਜੇ ਨਾ ਨਿਕਲੀ ਤਾਂ! ਰੁਪਾਣਾ ਨੇ ਕਿਹਾ : "ਦੇਖਦੇ ਆਂ ਕਿਵੇਂ ਨਹੀਂ ਨਿਕਲਦੀ ਧੁੱਪ।"

ਐਤਵਾਰ ਸਵੇਰੇ ਅੱਠ ਵਜੇ ਜਦੋਂ ਭਾਪਾ ਪ੍ਰੀਤਮ ਸਿੰਘ ਅਤੇ ਪਿਆਰਾ ਸਿੰਘ ਦਾਤਾ ਫਾਰਮ ਤੇ ਪੁੱਜੇ ਤਾ ਸਾਰੇ ਪਾਸੇ ਬੱਦਲ ਸਨ। "ਧੁੱਪ ਦੀ ਮਹਿਫਲ" ਹੁਣ "ਝੜੀ ਦੀ ਮਹਿਫਲ" 'ਚ ਬਦਲਨ ਲਈ ਧਮਕੀ ਦੇ ਰਹੀ ਸੀ। ਭਾਪਾ ਜੀ ਕਹਿਣ ਲੱਗੇ, "ਜੇ ਬੰਦੇ ਘੱਟ ਆਏ ਤਾਂ ਉਦਾਸ ਨਾ ਹੋਣਾ।"

ਜਦੋਂ ਗਿਆਰਾਂ ਵਜੇ ਤੇ ਕੁਝ ਮਿੰਚ ਪਹਿਲਾਂ ਡਾਕਟਰ ਜਸਵੰਤ ਸਿੰਘ ਨੇਕੀ ਆਪਣੀ ਪਤਨੀ ਸਮੇਤ ਨਿੱਕੀਆਂ



Sri Satguru Jagjit Singh Ji eLibrary NamdhariElibrary@gmail.com

ਨਿੱਕੀਆਂ ਕਿਰਨਾਂ 'ਚ ਪੁੱਜ ਗਏ ਤਾਂ ਲੱਗਾ ਧੁੱਪ ਨਿਕਲਣ ਹੀ ਵਾਲੀ ਹੈ। ਦਸਾਂ ਮਿੰਟਾਂ ਦੇ ਅੰਦਰ ਸੋਵੀਅਤ ਸਫਾਰਤਖਾਨੇ ਵਾਲੇ ਪ੍ਰੇਮ ਸਿੰਘ ਅਤੇ ਉਨ੍ਹਾਂ ਦੀ ਪਤਨੀ ਦਲਬੀਰ, ਜਗਜੀਤ ਸਿੰਘ ਆਨੰਦ ਅਤੇ ਉਨ੍ਹਾਂ ਦੀ ਪਤਨੀ, ਮੀਲਾ, ਕਰਤਾਰ ਸਿੰਘ ਦੁੱਗਲ ਅਤੇ ਉਨ੍ਹਾਂ ਦੀ ਪਤਨੀ ਪਟਿਆਲੇ ਤੋਂ ਪ੍ਰਿੰਸੀਪਲ ਪ੍ਰੀਤਮ ਸਿੰਘ ਅਤੇ ਉਨ੍ਹਾਂ ਦੇ ਦੋ ਸੰਗੀ ਵੀ ਪੁੱਜ ਗਏ। ਹੁਣ ਧੁੱਪ ਦੀ ਕਿਸੇ ਨੂੰ ਉਡੀਕ ਨਾ ਰਹੀ। ਨਿੱਕੀਆਂ ਗੱਲਾਂ, ਗਲਵੱਕੜੀਆਂ ਅਤੇ ਗਰਮ ਚਾਹ। ਰੁਪਾਣਾ ਨੇ ਕਿਹਾ : "ਧੁੱਪ ਦੀ ਐਸੀ ਕੀ ਤੈਸੀ।" ਕਰਨਜੀਤ ਪੁੱਜਾ ਤਾਂ ਏਨੇ ਲੇਖਕ ਦੇਖ ਕੇ ਹੈਰਾਨ ਹੋ ਗਿਆ। ਕਹਿਣ ਲੱਗਾ : ਮੈਂ ਸੋਚਿਆ ਕਿ ਪੁੱਜਣ ਵਾਲਿਆ 'ਚ ਮੈਂ ਹੀ ਪਹਿਲਾ ਬੰਦਾ ਹੋਵਾਂਗਾ।" ਉਹਦੇ ਇਹ ਗੱਲ ਕਰਦਿਆਂ ਹੀ ਤਰਲੋਕ ਸਿੰਘ ਕੰਵਰ, ਸਤਿੰਦਰ ਨੂਰ ਅਤੇ ਅਨੇਕਾਂ ਹੋਰ ਲੇਖਕ ਮੁੱਖ ਦਵਾਰ ਰਾਹੀਂ ਅੰਦਰ ਆਉਂਦੇ ਦਿਖਾਈ ਦਿੱਤੇ।

ਸਾਹਿਤਕ ਮਹਿਫ਼ਲ ਦਾ ਆਰੰਭ 'ਬੇਸਮੈਂਟ' 'ਚ ਕੁਰਸੀਆਂ ਲਗਾ ਕੇ ਹੋਇਆ। ਪ੍ਰਸਿੱਧ ਗਜ਼ਲ ਸਿੰਗਰ ਤਰਲੋਚਨ ਨੇ ਸ਼ਿਵ ਕੁਮਾਰ ਦਾ "ਮੈਂ ਸ਼ਿਕਰਾ ਯਾਰ ਬਣਾਇਆ" ਗਾ ਕੇ ਸਭ ਨੂੰ ਮੁਗਧ ਕਰ ਦਿੱਤਾ। ਮੰਚ ਵਾਲੇ ਪਾਸੇ ਦੁੱਗਲ, ਸ਼ਫੀਰ, ਜਗਜੀਤ ਆਨੰਦ, ਪ੍ਰਿੰ: ਪ੍ਰੀਤਮ ਸਿੰਘ। ਅਮਰੀਕ ਡੋਗਰਾ ਅਪਣੀ ਕਵਿਤਾ ਸੁਣਾ ਰਿਹਾ ਸੀ ਕਿ ਵਣਜਾਰਾ ਬੇਦੀ ਅਤੇ ਡਾਕਟਰ ਹਰਿਭਜਣ ਸਿੰਘ ਆਉਂਦੇ ਦਿਖਾਈ ਦਿੱਤੇ। ਡਾਕਟਰ ਕੰਵਰ ਨੇ ਤਰੰਨਮ 'ਚ ਹੇਠਲਾ ਗੀਤ ਛੋਹਿਆ :—

ਲੂੰ ਲੂੰ ਤਿਲ ਤਿਲ ਭਰਿਆ ਸੀ,
ਸਾਡਾ ਚਿੜੀਆ ਦਾ ਚੰਬਾ।
ਮਾਰ ਉਡਾਰੀ ਟੁਰਿਆ ਜੀ, ਸਾਡਾ
ਚਿੜੀਆ ਦਾ ਚੰਬਾ।

ਤਾਂ ਪੰਜਾਬ ਅਕਾਦਮੀ ਦੇ ਰੂਹੇ-ਰਵਾਂ ਮਨਜੀਤ ਸਿੰਘ ਪੁੱਜ ਗਏ। ਥੋੜੀ ਦੇਰ ਲਈ ਲਾਈਟ ਚਲੀ ਗਈ। ਮੰਚ ਸਕੱਤਰ ਕਰਨਜੀਤ ਸਿੰਘ ਨੇ ਕਿਹਾ ਕਿ ਗੁਰਦੇਵ ਸਿੰਘ ਰੁਪਾਣਾ ਹੁਣ ਮੂੰਹ ਜਬਾਨੀ ਕਹਾਣੀ ਸੁਣਾਨਗੇ। ਰੁਪਾਣਾ ਨੇ ਆਪਣੇ ਲਹਿਜੇ 'ਚ ਹਾਸੇ ਦੀਆਂ ਅਜਿਹੀਆਂ ਸੁਰਲੀਆਂ ਛੱਡੀਆਂ ਕਿ ਸਤਿਆਰਥੀ ਦੇ ਸਾਰੇ ਦੇ ਸ਼ਾਰੇ ਦੰਦ ਗਿਣੇ ਜਾ ਸਕਦੇ ਸਨ। ਭਾਪਾ ਜੀ ਨੇ ਐਲਾਨ ਕੀਤੇ। ਇਕ, ਹਰ ਸਾਲ ਬੱਸ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਲੇਖਕ ਕਿਸੇ ਪਿਕਨਿਕ ਸਪਾਟ 'ਤੇ ਜਾ ਕੇ ਇਹੋ ਜਿਹੀ ਮਹਿਫਲ ਲਗਾਇਆ ਕਰਨਗੇ। ਦੂਜਾ ਐਲਾਨ ਇਹ ਸੀ ਕਿ ਸਹਿਤ ਸਭਾ ਦੇ ਪਲਾਟ ਤੇ ਉਸਰਣ ਵਾਲੇ ਭਵਨ ਦਾ ਮਾਡਲ ਹੁਣੇ ਪੁੱਜ ਚੁੱਕਾ ਹੈ। ਏਨੇ ਵਿਚ ਡਾਕਟਰ ਅਮਰੀਕ ਸਿੰਘ ਪਤਨੀ ਸਮੇਤ ਪੁੱਜ ਗਏ। ਤਾਰਾ ਸਿੰਘ ਹੋਰੀਂ ਵੀ ਸਕੂਟਰ 'ਤੇ ਪੁੱਜ ਗਏ।

ਬਾਹਰ ਮੌਸਮ ਸਾਫ ਹੋ ਗਿਆ ਸੀ। ਮਹਿਫਲ ਖੁੱਲੀ ਥਾਂ 'ਚ ਭਖਣ ਲਗੀ। ਰਤਾ ਪਿਛੇ ਦੇਗ 'ਚ ਸਬਜ਼ੀਆਂ ਰਿੱਝ ਰਹੀਆਂ ਸਨ ਅਤੇ ਪਲੇਟਾਂ ਦਾ ਖੜਾਕ ਸੁਣਾਈ ਦੇ ਰਿਹਾ ਸੀ। ਡਾਕਟਰ ਨੇਕੀ ਨੇ ਬੌਧਿਕ ਗੀਤ ਸੁਣਾਇਆ। ਕਮਲ ਇਕਾਰਸ਼ੀ, ਚਤਰ ਸਿੰਘ ਬੀਰ, ਵਿਨੀਤਾ ਨੇ ਕਵਿਤਾਵਾਂ ਸੁਣਾਈਆਂ ਤਾਂ ਸਤਿੰਦਰ ਸਿੰਘ ਨੂਰ ਦੀ ਵਾਰੀ ਆਈ। ਡਾਕਟਰ ਹਰਿਭਜਨ ਸਿੰਘ ਨੇ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਤਰੰਨਮ 'ਚ ਸੁਣਾਨ ਦੀ; ਜੇ ਗਲੇ ਨੇ ਇਜਾਜ਼ਤ ਨਾ ਦਿੱਤੀ ਤਾਂ ਵੈਸੇ ਪੜ੍ਹ ਦੇਣਗੇ। ਪਰ ਉਹ ਤਿੰਨੇ ਗਜ਼ਲਾਂ ਤਰੰਨਮ 'ਚ ਸੁਣਾ ਗਏ। ਕੋਨੇ 'ਚ ਗਗਨ ਗਿੱਲ ਤਿੱਖੇ ਲਿਬਾਸ 'ਚ ਖੜ੍ਹੀ ਦੀ ਖੜ੍ਹੀ ਰਹੀ। ਆਰਸੀ ਪ੍ਰਕਾਸ਼ਨ ਵਾਲਾ ਗੁਰਚਰਨ ਸਿੰਘ ਪ੍ਰਬੰਧ ਵਿਚ ਰੁੱਝਾ ਹੋਇਆ ਸੀ। ਭਾਪਾ ਜੀ ਦਾ ਸਾਰਾ ਪਰਿਵਾਰ ਮਸਰੂਰ ਸੀ।

ਮਹਿਫਲ ਦੇ ਪਹਿਲੇ ਦੌਰ ਤੋਂ ਬਾਦ ਰੋਟੀ ਦਾ ਦੌਰ ਸ਼ੁਰੂ ਹੋਇਆ। ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਇਕਬਾਲਦੀਪ, ਜੁਗਿੰਦਰ ਅਮਰ, ਡਾ. ਮਨਜੀਤ ਸਿੰਘ, ਅਮਰਜੀਤ 'ਅਕਸ', ਕੁਲਦੀਪ ਸਿੰਘ ਬੱਗਾ ਅਤੇ ਉਨ੍ਹਾਂ ਦੀ ਪਤਨੀ ਰਾਜਿੰਦਰ, ਡਾ. ਮਹੀਪ ਸਿੰਘ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਹਰਚਰਨ ਕੌਰ, ਡਾ. ਹਰੀ ਸਿੰਘ, ਗੱਲ ਕੀ ਦਿੱਲੀ ਦਾ ਕੋਈ ਵੀ ਲੇਖਕ ਗੈਰਹਾਜ਼ਰ ਨਹੀਂ ਸੀ। ਅਜੀਤ ਕੌਰ ਬਿਮਾਰ ਸੀ। ਪ੍ਰਭਜੋਤ ਅਤੇ ਨਰਿੰਦਰਪਾਲ ਦਿਖਾਈ ਨਹੀਂ ਸਨ ਦਿੱਤੇ। ਜਦੋਂ ਦੌਰ ਦਾ ਸਮਾਂ ਸ਼ੁਰੂ ਹੋਇਆ ਤਾਂ ਕੋਈ ਤਿੰਨ ਕੁ ਵਜੇ ਉਹ ਵੀ ਪੁੱਜ ਗਏ। ਭਾਪਾ ਪ੍ਰੀਤਮ ਸਿੰਘ ਨੇ ਤੀਜਾ ਐਲਾਨ ਕੀਤਾ : "ਵਣਜਾਰਾ ਬੇਦੀ ਹੋਰੀਂ ਸਾਡੇ ਸਾਹਿਆਂ ਦਾ ਮੂੰਹ ਮਿੱਠਾ ਕਰਾਣ ਲਈ ਬਰਫੀ ਲਿਆਏ ਹੋਏ ਨੇ। ਹੁਣੇ ਵੰਡੀ ਜਾਵੇਗੀ।"

ਦਿੱਲੀ ਦੇ ਇਤਿਹਾਸ ਵਿਚ ਲੇਖਕਾਂ ਦਾ ਇਹੋ ਜਿਹਾ ਇਕੱਠ ਸ਼ਾਇਦ ਕਦੇ ਵੀ ਨਹੀਂ ਹੋਇਆ। ਮਹਿਫਲ ਦੀ ਆਪਣੀ ਧੁੱਪ ਏਨੀ ਤੇਜੱਸਵੀ ਸੀ ਕਿ ਕਿਸੇ ਨੂੰ ਅਕਾਸ਼ ਉਪਰਲੇ ਬੱਦਲਾਂ ਦਾ ਚੇਤਾ ਵੀ ਨਾ ਰਿਹਾ। ਭਾਪਾ ਪ੍ਰੀਤਮ ਸਿੰਘ ਆਪਣੇ ਆਪ ਵਿਚ ਇਕ ਸੰਸਥਾ ਹਨ ਪਤਾ ਤਾਂ ਸਭ ਨੂੰ ਪਹਿਲਾਂ ਹੀ ਸੀ, ਇਸ ਦਾ ਅਮਿੱਟ ਪ੍ਰਮਾਣ ਇਕ ਵੇਰਾ ਫਿਰ ਮਿਲ ਗਿਆ। ਕਦੇ ਵੀ ਕੋਈ ਇਸ ਮਹਿਫਲ ਨੂੰ ਭੁਲ ਸਕੇਗਾ, ਇਸ ਅਹਿਸਾਸ ਨਾਲ ਲੋਕ ਵਿਦਾਅ ਹੋਏ। ਪਿੱਛੇ ਮੇਜ਼ਬਾਨ ਸਫੇਦ ਗੁਲਾਬ ਵਾਂਗ ਖਿੜਿਆ ਲਹਿਰਾ ਰਿਹਾ ਸੀ।

—ਗੁਰਬਚਨ


Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ







## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
„ : 2510345
Resi. : 213064

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM MARCH 1989
Registered with the Registrar of News Papers for India No. 26453/75


# 'POONAM'

PROUDLY PRODUCES

LIP-SMACKING
EPOCH-MAKING
MOUTH-WATERING

Delightful Delectable Delicious

# BISCUITS

*ALREADY INTRODUCED*

**Glucose, Roshni, Twinke, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com